Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 56 | Tuesday, March 22, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਲਿਬਰਲਾਂ ਤੇ ਐਨਡੀਪੀ ਦਰਮਿਆਨ ਹੋਣ ਵਾਲੇ ਸਮਝੌਤੇ ਨਾਲ 2025 ਤੱਕ ਟਰੂਡੋ ਸਰਕਾਰ ਰਹਿ ਸਕਦੀ ਹੈ ਸੱਤਾ ਵਿੱਚ

ਓਟਵਾ, 21 ਮਾਰਚ (ਪੋਸਟ ਬਿਊਰੋ) : ਫੈਡਰਲ ਲਿਬਰਲਾਂ ਤੇ ਐਨਡੀਪੀ ਦਰਮਿਆਨ ਅਜਿਹਾ ਸਮਝੌਤਾ ਕਰਨ ਲਈ ਗੱਲਬਾਤ ਚੱਲ ਰਹੀ ਹੈ ਕਿ ਜੇ ਉਹ ਸਿਰੇ ਚੜ੍ਹ ਜਾਂਦਾ ਹੈ ਤਾਂ ਉਸ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ 2025 ਤੱਕ ਸੱਤਾ ਵਿੱਚ ਬਣੀ ਰਹੇਗੀ। ਇਸ ਦੇ ਬਦਲੇ ਵਿੱਚ ਟਰੂਡੋ ਸਰਕਾਰ ਨੂੰ ਐਨਡੀਪੀ ਦੀਆਂ ਤਰਜੀਹਾਂ ਨੂੰ ਪਹਿਲ ਦੇਣੀ ਹੋਵੇਗੀ।



ਪਾਰਟੀ ਦੀ ਲੀਡਰਸ਼ਿਪ ਦਰਮਿਆਨ ਇਸ ਸਮਝੌਤੇ ਉੱਤੇ ਅਜੇ ਐਨਡੀਪੀ ਦੇ ਐਮਪੀਜ਼ ਵੱਲੋਂ ਦਸਤਖ਼ਤ ਕੀਤੇ ਜਾਣੇ ਬਾਕੀ ਹਨ। ਇਹ ਜਾਣਕਾਰੀ ਅੰਦਰੂਨੀ ਸੂਤਰਾਂ ਵੱਲੋਂ ਦਿੱਤੀ ਗਈ। ਜੇ ਇਹ ਸਮਝੌਤਾ ਸਿਰੇ ਚੜ੍ਹ ਜਾਂਦਾ ਹੈ ਤਾਂ ਐਨਡੀਪੀ ਕਾਕਸ ਵੱਲੋਂ ਭਵਿੱਖ ਵਿੱਚ ਸਰਕਾਰ ਨੂੰ ਭਰੋਸੇ ਦੇ ਵੋਟ ਤੇ ਬਜਟ ਵਰਗੇ ਮੁੱਦਿਆਂ ਵਿੱਚ ਸਮਰਥਨ ਦਿੱਤਾ ਜਾਵੇਗਾ। ਇਸ ਦੇ ਏਵਜ ਵਿੱਚ ਸਰਕਾਰ ਫਾਰਮਾਕੇਅਰ ਤੇ ਡੈਂਟਲ ਕੇਅਰ ਵਰਗੇ ਅਹਿਮ ਮੁੱਦਿਆਂ ਨੂੰ ਅਮਲੀ ਰੂਪ ਦੇਣ ਵਿੱਚ ਐਨਡੀਪੀ ਦੀ ਮਦਦ ਕਰੇਗੀ।

ਸੋਮਵਾਰ ਰਾਤ ਨੂੰ ਇਸ ਮੁੱਦੇ ਉੱਤੇ ਹੋਈ ਐਮਰਜੰਸੀ ਕਾਕਸ ਦੀ ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਲਿਬਰਲ ਸਰੋਤ ਅਨੁਸਾਰ ਇਸ ਸਮਝੌਤੇ ਨੂੰ "ਮੇਕਿੰਗ ਪਾਰਲੀਆਮੈਂਟ ਵਰਕ" ਦਾ ਨਾਂ ਦਿੱਤਾ ਗਿਆ ਹੈ ਪਰ ਅਸਲ ਵਿੱਚ ਇਹ ਭਰੋਸੇ ਤੇ ਸਪਲਾਈ ਸਬੰਧੀ ਗੁਪਤ ਸਮਝੌਤਾ ਹੈ। ਇੱਕ ਵੱਖਰੇ ਸਰੋਤ ਨੇ ਦੱਸਿਆ ਕਿ ਐਨਡੀਪੀ ਆਗੂ ਜਗਮੀਤ ਸਿੰਘ ਸੋਮਵਾਰ ਰਾਤ ਨੂੰ ਆਪਣੇ ਐਮਪੀਜ਼ ਨਾਲ ਇਸ ਸਮਝੌਤੇ ਦੀ ਤਫਸੀਲ ਸਾਂਝੀ ਕਰਨਗੇ।

## ਮਾਰਖਮ ਦੇ ਘਰ ਵਿੱਚੋਂ ਪੁਲਿਸ ਨੂੰ ਬਰਾਮਦ ਹੋਈ 400,000 ਡਾਲਰ ਦੀ ਕੋਕੀਨ

ਮਾਰਖਮ, 21 ਮਾਰਚ (ਪੋਸਟ ਬਿਊਰੋ) : ਮਾਰਖਮ ਦੇ ਇੱਕ ਵਿਅਕਤੀ ਦੇ ਘਰ ਵਿੱਚੋਂ ਕਥਿਤ ਤੌਰ ਉੱਤੇ 400,000 ਡਾਲਰ ਕੀਮਤ ਦੀ ਕੋਕੀਨ ਤੇ ਭਰੀ ਹੋਈ ਹੈਂਡਗੰਨ ਮਿਲਣ ਤੋਂ ਬਾਅਦ ਉਸ ਨੂੰ ਕਈ ਤਰ੍ਹਾਂ ਦੇ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸੋਮਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਦਰਹਾਮ ਰੀਜਨਲ ਪੁਲਿਸ ਨੇ ਆਖਿਆ ਕਿ 20 ਮਾਰਚ ਨੂੰ ਸਰਵਿਸ ਦੀ ਡਰੱਗ ਐਨਫੋਰਸਮੈਂਟ ਯੂਨਿਟ ਵੱਲੋਂ ਟੋਰਾਂਟੋ ਵਿੱਚ 36 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਵਿਅਕਤੀ ਦੀ ਗ੍ਰਿਫਤਾਰੀ ਲਈ ਕਿਹੜੇ ਕਾਰਨ ਜ਼ਿੰਮੇਵਾਰ ਸਨ ਇਸ ਬਾਰੇ ਪੁਲਿਸ ਵੱਲੋਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ।



ਉਸੇ ਦਿਨ ਪੁਲਿਸ ਨੇ ਸਰਚ ਵਾਰੰਟ ਉੱਤੇ ਕੰਮ ਕਰਦਿਆਂ 16ਥ ਐਵਨਿਊ ਤੇ ਕੈਨੇਡੀ ਰੋਡ ਸਥਿਤ ਉਸਦੇ ਮਾਰਖਮ ਵਿਚਲੇ ਘਰ ਦੀ ਤਲਾਸ਼ੀ ਲਈ। ਜਿੱਥੋਂ ਕਥਿਤ ਤੌਰ ਉੱਤੇ ਪੁਲਿਸ ਨੂੰ ਚਾਰ ਕਿਲੋਗ੍ਰਾਮ ਕੋਕੀਨ ਮਿਲੀ, ਜਾਂਚਕਾਰਾਂ ਅਨੁਸਾਰ ਇਸ ਦੀ ਕੀਮਤ 400,000 ਡਾਲਰ ਹੈ ਤੇ ਇਸ ਘਰ ਵਿੱਚੋਂ ਹੀ ਪੁਲਿਸ ਨੂੰ 29,000 ਡਾਲਰ ਕੈਨੇਡੀਅਨ ਨਕਦੀ ਵੀ ਮਿਲੀ।ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਇੱਕ ਭਰੀ ਹੋਈ ਗਲੌਕ ਹੈਂਡਗੰਨ ਤੇ ਵੱਡੀ ਮਾਤਰਾ ਵਿੱਚ ਗੋਲੀਸਿੱਕਾ ਵੀ ਬਰਾਮਦ ਹੋਇਆ। ਡੈਨੀਅਲ ਫਰਾਇਰ ਨੂੰ ਸਮਗਲਿੰਗ ਤੇ ਹਥਿਆਰਾਂ ਨਾਲ ਸਬੰਧਤ ਸੱਤ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ।

## ਕੈਨੇਡਾ ਨੇ ਰੂਸੀ ਜਹਾਜ਼ਾਂ ਲਈ ਨਿਯਮ ਕੀਤੇ ਹੋਰ ਸਖ਼ਤ

ਓਟਵਾ, 21 ਮਾਰਚ (ਪੋਸਟ ਬਿਊਰੋ) : ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਰੂਸੀ ਜਹਾਜ਼ਾਂ ਲਈ ਨਿਯਮ ਹੋਰ ਸਖ਼ਤ ਕਰ ਦਿੱਤੇ ਗਏ ਹਨ। ਸਰਕਾਰ ਨੇ ਆਖਿਆ ਕਿ ਉਨ੍ਹਾਂ ਨੂੰ ਅਜਿਹਾ ਉਸ ਸਮੇਂ ਕਰਨਾ ਪਿਆ ਜਦੋਂ ਪਿਛਲੇ ਮਹੀਨੇ ਇੱਕ ਰੂਸੀ ਜਹਾਜ਼ ਨੇ ਮਾਨਵਤਾਵਾਦੀ ਸਮਾਨ ਲਿਜਾਣ ਦਾ ਦਾਅਵਾ ਕਰਕੇ ਕੈਨੇਡੀਅਨ ਏਅਰਸਪੇਸ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ।



ਜ਼ਿਕਰਯੋਗ ਹੈ ਕਿ ਯੂਕਰੇਨ ਉੱਤੇ ਰੂਸ ਵੱਲੋਂ ਕੀਤੇ ਗਏ ਹਮਲੇ ਤੋਂ ਬਾਅਦ ਕੈਨੇਡਾ ਨੇ ਰੂਸੀ ਜਹਾਜ਼ਾਂ ਉੱਤੇ ਆਪਣੀ ਏਅਰਸਪੇਸ ਵਰਤਣ ਉੱਤੇ ਪਾਬੰਦੀ ਲਾਈ ਹੋਈ ਹੈ। ਪਰ 27 ਫਰਵਰੀ ਨੂੰ ਐਰਫਲੋਟ ਦੀ ਫਲਾਈਟ 111, ਜੋ ਕਿ ਮਾਇਆਮੀ ਤੋਂ ਮਾਸਕੋ ਜਾ ਰਹੀ ਸੀ, ਨੂੰ ਕੈਨੇਡੀਅਨ ਏਅਰਸਪੇਸ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਗਈ।

ਇਸ ਤੋਂ ਪਹਿਲਾਂ ਅਧਿਕਾਰੀਆਂ ਨੇ ਆਖਿਆ ਕਿ ਐਰੋਫਲੋਟ 111 ਨੂੰ ਇਸ ਲਈ ਕੈਨੇਡੀਅਨ ਏਅਰਸਪੇਸ ਦੀ ਵਰਤੋਂ ਕਰਨ ਦੀ ਖੁੱਲ੍ਹ ਦਿੱਤੀ ਗਈ ਕਿਉਂਕਿ ਉਸ ਨੇ ਖੁਦ ਨੂੰ ਮਾਨਵਤਾਵਾਦੀ ਸਪਲਾਈ ਲਿਜਾਣ ਵਾਲੀ ਫਲਾਈਟ ਵਜੋਂ ਰਜਿਸਟਰ ਕਰਵਾਇਆ ਸੀ। ਪਰ ਟਰਾਂਸਪੋਰਟ ਕੈਨੇਡਾ ਦੇ ਸਿਵਿਲ ਏਵੀਏਸ਼ਨ ਦੇ ਹੈੱਡ ਨਿਕੋਲਸ ਰੌਬਿਨਸਨ ਨੇ ਸੋਮਵਾਰ ਨੂੰ ਦੱਸਿਆ ਕਿ ਇਹ ਸਰਾਸਰ ਝੂਠ ਸੀ ਤੇ ਐਰਫਲੋਟ ਵੱਲੋਂ ਇਹ ਝੂਠ ਜਾਣਬੁੱਝ ਕੇ ਬੋਲਿਆ ਗਿਆ ਸੀ।

ਡਿਪਾਰਟਮੈਂਟ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਰੌਬਿਨਸਨ ਨੇ ਹਾਊਸ ਆਫ ਕਾਮਨਜ਼ ਦੀ ਟਰਾਂਸਪੋਰਟ ਕਮੇਟੀ ਨੂੰ ਦੱਸਿਆ ਕਿ ਅਧਿਕਾਰੀਆਂ ਦਾ ਮੰਨਣਾ ਹੈ ਕਿ ਕੈਨੇਡਾ ਦੇ ਫਲਾਈਟ ਬੈਨ ਵਿੱਚ ਖੜੋਤ ਪੈਦਾ ਕਰਨ ਲਈ ਐਰਫਲੋਟ ਵੱਲੋਂ ਇਹ ਝੂਠ ਬੋਲਿਆ ਗਿਆ।ਉਨ੍ਹਾਂ ਆਖਿਆ ਕਿ ਮਾਨਵਤਾਵਾਦੀ ਫਲਾਈਟਸ ਐਮਰਜੰਸੀ ਮਕਸਦ ਲਈ ਹੁੰਦੀਆਂ ਹਨ।

## ਚੀਨ ਦਾ ਬੋਇੰਗ ਜਹਾਜ਼ ਪਹਾੜੀਆਂ ਵਿੱਚ ਕ੍ਰੈਸ਼, 132 ਲੋਕਾਂ ਦੀ ਮੌਤ

ਬੀਜਿੰਗ, 21 ਮਾਰਚ, (ਪੋਸਟ ਬਿਊਰੋ)- ਚੀਨ ਵਿੱਚ ਅੱਜਇੱਕਵੱਡਾ ਜਹਾਜ਼ ਹਾਦਸਾ ਹੋ ਗਿਆ ਹੈ ਅਤੇ ਬੋਇੰਗ 737 ਜਹਾਜ਼ ਦੇ ਹਾਦਸੇ ਵਿੱਚਇਸ ਦੇ ਸਵਾਰ 133 ਲੋਕਾਂ ਦੀ ਮੌਤ ਹੋਣ ਦੀ ਖਬਰ ਹੈ।



ਚਾਈਨਾ ਈਸਟਰਨ ਏਅਰਲਾਈਨਜ਼ ਦੇ ਇਸ ਬੋਇੰਗ 737 ਜਹਾਜ਼ ਨੇ ਕੁਨਮਿੰਗ ਤੋਂ ਗੁਆਂਗਜ਼ੂ ਲਈ ਉਡਾਣ ਭਰੀ, ਪਰ ਗੁਆਂਗਸੀ ਵਿੱਚ ਕ੍ਰੈਸ਼ ਹੋ ਜਾਣਨ-'ਲਇਸ ਨੂੰ ਅੱਗ ਲੱਗ ਗਈ। ਹਾਦਸੇ ਦੇ ਕਾਰਨਾਂ ਦੀ ਜਾਂਚ ਦਾ ਹੁਕਮ ਜਾਰੀ ਕੀਤਾ ਗਿਆ ਹੈ। ਮੀਡੀਆ ਮੁਤਾਬਕ ਜਹਾਜ਼ ਵਿੱਚ 123 ਯਾਤਰੀ ਤੇ ਬਾਕੀ ਚਾਲਕ ਦਲ ਦੇਲੋਕ ਸਨ।ਫਲਾਈਟ ਰਡਾਰ 24 ਦੇ ਮੁਤਾਬਕ 6 ਸਾਲ ਪੁਰਾਣੇ ਬੋਇੰਗ 737 ਜਹਾਜ਼ ਦੇ ਕਰੈਸ਼ ਹੋਣ ਦੇ ਕਾਰਨਾਂ ਬਾਰੇ ਕੁਝ ਨਹੀਂ ਦੱਸਿਆ ਗਿਆ। ਆਖਰੀ ਅੰਕੜਿਆਂ ਮੁਤਾ-ਬਕ ਜਹਾਜ਼ 376 ਦੀ ਰਫਤਾਰ ਨਾਲ 3,225 ਫੁੱਟ ਉਚਾਈ ਉੱਤੇ ਸੀ ਅਤੇ ਇਸ ਨੇ ਦੁਪਹਿਰ 3.05 ਵਜੇ ਲੈਂਡ ਕਰਨਾ ਸੀ।ਏਵੀਏਸ਼ਨ ਸੇਫਟੀ ਨੈੱਟਵਰਕ ਦੇ ਮੁਤਾਬਕ ਚੀਨਵਿੱਚ ਆਖਰੀ ਵਾਰ 2010ਵਿੱਚ ਜੈੱਟ ਜਹਾਜ਼ ਯੀਚੁਨ ਹਵਾਈ ਅੱਡੇ ਦੇ ਨੇੜੇ ਵਿਜ਼ੀਬਿਲਟੀ ਘੱਟ ਹੋਣ ਕਾਰਨ ਹਾਦਸਾ ਗ੍ਰਸਤ ਹੋਇਆ ਅਤੇ ਹਾਦਸੇਵਿੱਚ 44 ਲੋਕਾਂ ਦੀ ਮੌਤ ਹੋਈ ਸੀ। ਉਸ ਸਮੇਂ ਉਸ ਜਹਾਜ਼ ਵਿੱਚ ਕੁੱਲ 96 ਲੋਕ ਸਫਰ ਕਰ ਰਹੇ ਸਨ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿੱਚ
iccrc
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
ਇੰਮੀਗਰੇਸ਼ਨ ਸੇਵਾਵਾਂ
10-20% Discount
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

MOTEL FOR SALE ON HWY 7
IN THE MIDDLE OF TORONTO AND OTTAWA
$1,275,000
•Excellent Cash Flow And Low Vacancy Rate
•Low Operating Costs
•Many Recent Upgrades To Rooms
•New Security Camera System
•Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
Save Max Global Realty
RAJ@SAVEMAXGLOBALREALTY.COM

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan
Mob: 416-465-1200
2700 Northpark Drive
Unit #19, Brampton
Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com



# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਪੰਜਾਬੋਂ ਬਾਹਰਲੇ ਆਗੂ ਰਾਜ ਸਭਾ ਵਿੱਚ ਭੇਜਣ ਉੱਤੇ ਆਮ ਆਦਮੀ ਪਾਰਟੀ ਚੁਫੇਰਿਉਂ ਘਿਰੀ

## * ਵੱਡੇ ਬਾਦਲ, ਰਵਨੀਤ ਬਿੱਟੂ ਅਤੇ ਹੋਰਨਾਂ ਵੱਲੋਂ ਤਿੱਖਾ ਵਿਰੋਧ



ਚੰਡੀਗੜ੍ਹ, 21 ਮਾਰਚ, (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਦੇ ਉੱਪਰਲੇ ਹਾਊਸ ਰਾਜ ਸਭਾ ਲਈ ਪੰਜਾਬ ਦੀਆਂ ਪੰਜ ਸੀਟਾਂ ਲਈ ਉਮੀਦਵਾਰ ਐਲਾਨੇ ਜਾਣ ਵੇਲੇ ਆਮ ਆਦਮੀ ਪਾਰਟੀ ਦਾ ਤਿੱਖਾ ਵਿਰੋਧ ਹੋਇਆ ਹੈ।ਵਿਰੋਧੀ ਧਿਰਾਂ ਨੇ ਦੋਸ਼ ਲਾਇਆ ਕਿ ਰਾਜ ਸਭਾ ਲਈ ਪੰਜਾਬ ਤੋਂ ਬਾਹਰਲੇ ਉਮੀਦਵਾਰ ਪੇਸ਼ ਕਰ ਕੇ ਆਮ ਆਦਮੀ ਪਾਰਟੀ ਨੇ ਪੰਜਾਬੀਆਂ ਨਾਲ ਧੋਖਾ ਕੀਤਾ ਹੈ ਤੇ ਬਾਹਰਲੇ ਲੋਕ ਪੰਜਾਬ ਦੇ ਮੁੱਦਿਆਂ ਦੀ ਪੈਰਵੀ ਨਹੀਂ ਕਰ ਸਕਣਗੇ।

ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਆਈਆਈਟੀ ਦਿੱਲੀ ਦੇ ਸਹਾਇਕ ਪ੍ਰੋਫੈਸਰ ਸੰਦੀਪ ਪਾਠਕ, ਇਸ ਪਾਰਟੀ ਦੇ ਪੰਜਾਬ ਦੇ ਕੋ-ਇੰਚਾਰਜ ਰਾਘਵ ਚੱਢਾ ਤੇ ਸਾਬਕਾ ਕ੍ਰਿਕਟ ਖਿਡਾਰੀ ਹਰਭਜਨ ਸਿੰਘ ਨੇ ਪੰਜਾਬ ਤੋਂ ਪੰਜ ਰਾਜ ਸਭਾ ਸੀਟਾਂਵਿੱਚੋਂ ਤਿੰਨਾਂ ਉੱਤੇ ਨਾਮਜ਼ਦਗੀ ਭਰੀ ਹੈ।ਰਾਜ ਸਭਾਵਿੱਚ ਖਾਲੀ ਹੋਈਆਂ ਪੰਜ ਸੀਟਾਂ ਲਈ 31 ਮਾਰਚ ਨੂੰ ਚੋਣਾਂ ਹੋਣਗੀਆਂ। ਪਾਰਟੀ ਨੇ ਬਾਕੀ ਦੋ ਸੀਟਾਂ ਲਈ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਬਾਨੀ ਅਸ਼ੋਕ ਮਿੱਤਲ ਅਤੇ ਲੁਧਿਆਣਾ ਦੇ ਕੱਪੜਾ ਕਾਰੋਬਾਰੀ ਸੰਜੀਵ ਅਰੋੜਾ ਨੂੰ ਅੱਗੇ ਕੀਤਾ ਹੈ। ਰਾਘਵ ਚੱਢਾ ਦਿੱਲੀ ਦੇ ਰਾਜਿੰਦਰ ਨਗਰ ਹਲਕੇ ਤੋਂ ਵਿਧਾਇਕ ਹਨ। ਨਾਮਜ਼ਦਗੀ ਕਾਗਜ਼ਭਰਨ ਦਾ ਅੱਜ ਆਖਰੀ ਦਿਨ ਹੋਣ ਕਰਕੇ ਸੰਦੀਪ ਪਾਠਕ, ਰਾਘਵ ਚੱਢਾ ਅਤੇ ਹਰਭਜਨ ਸਿੰਘ ਚੰਡੀਗੜ੍ਹ ਪੁੱਜ ਗਏ। ਪੰਜਾਬ ਦੇ ਪੰਜ ਰਾਜ ਸਭਾ ਮੈਂਬਰਾਂ ਪ੍ਰਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋ, ਸ਼ਵੇਤ ਮਲਿਕ, ਨਰੇਸ਼ ਗੁਜਰਾਲ ਤੇ ਸੁਖਦੇਵ ਸਿੰਘ ਢੀਂਡਸਾ ਦਾ ਕਾਰਜਕਾਲ 9 ਅਪਰੈਲ ਨੂੰ ਖ਼ਤਮ ਹੋਣਾ ਹੈਅਤੇ ਦੋ ਹੋਰ ਮੈਂਬਰਾਂਬਲਵਿੰਦਰ ਸਿੰਘ ਭੂੰਦੜ ਅਤੇ ਅੰਬਿਕਾ ਸੋਨੀ ਦਾ ਕਾਰਜਕਾਲ 4 ਜੁਲਾਈ ਨੂੰ ਖ਼ਤਮ ਹੋਵੇਗਾ।

ਰਾਜ ਸਭਾ ਚੋਣਾਂ ਲਈ ਪੰਜਾਬਤੋਂ ਆਮ ਆਦਮੀ ਪਾਰਟੀ ਵੱਲੋਂਬਾਹਰੀ ਲੋਕਾਂ ਨੂੰ ਨਾਮਜ਼ਦ ਕਰਨ ਦਾਕਾਂਗਰਸ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਤਿੱਖਾ ਵਿਰੋਧ ਕੀਤਾ ਤੇ ਇਸਪਾਰਟੀ ਦੇਮੁਖੀ ਅਰਵਿੰਦ ਕੇਜਰੀਵਾਲ ਉੱਤੇ ਨਿਸ਼ਾਨਾ ਸੇਧਿਆ ਹੈ। ਬਿੱਟੂ ਨੇ ਫੇਸਬੁੱਕਉੱਤੇ ਲਿਖਿਆ ਕਿ ਲੋਕਾਂ ਦੀ ਰਾਏ ਲਈ ਹੈਲਪਲਾਈਨ ਚੋਣਾਂ ਤੋਂ ਪਹਿਲਾਂ ਖੁੱਲ੍ਹੀ ਸੀ ਤੇ ਚੋਣਾਂ ਪਿੱਛੋਂਦਿੱਲੀ ਦੇ ਤਾਨਾਸ਼ਾਹ ਨੇ ਪੰਜਾਬ ਦੇ ਹਿੱਤਨਜ਼ਰਅੰਦਾਜ਼ ਕਰ ਕੇ ਆਪਣੇ ਹਿੱਤਾਂ ਲਈ 5 ਮੈਂਬਰ ਰਾਜ ਸਭਾ ਲਈ ਪੇਸ਼ ਕਰ ਦਿੱਤੇ ਹਨ।ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਉਨ੍ਹਾਂ ਪਹਿਲਾਂ ਕਿਹਾ ਸੀ ਕਿ ਇਸ ਪਾਰਟੀ ਦੀ ਸਰਕਾਰ ਦਿੱਲੀ ਤੋਂ ਚੱਲੇਗੀ ਤੇ ਇਸ ਨੇ ਪੰਜਾਬ ਦੇ ਹੱਕ ਉੱਤੇ ਪਹਿਲਾ ਡਾਕਾ ਮਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬਵਿੱਚੋਂ ਰਾਜ ਸਭਾ ਲਈ ਦਿੱਲੀ ਦੇ ਆਗੂਆਂ ਨੂੰ ਭੇਜਣਾ ਮੰਦ-ਭਾਗਾ ਅਤੇ ਪੰਜਾਬੀਆਂ ਦੇ ਹੱਕਾਂ ਉੱਤੇਸਿੱਧਾ ਡਾਕਾ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪੰਜਾਬ ਦਾ ਪਾਣੀ ਵੀ ਖੋਹ ਲਿਆ ਜਾਵੇਗਾ।ਕਾਂਗਰਸ ਵਿਧਾਇਕ ਤੇ ਸਾਬਕਾ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਬਾਹਰੀ ਲੋਕਾਂ ਨੂੰ ਪੰਜਾਬ ਤੋਂ ਰਾਜ ਸਭਾ ਉਮੀਦਵਾਰ ਬਣਾਉਣ ਉੱਤੇ ਇਤਰਾਜ਼ ਲਈਮੁੱਖ ਮੰਤਰੀ ਭਗਵੰਤ ਮਾਨ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਪੰਜਾਬੀ ਲੋਕਾਂ ਨੇ ਉਨ੍ਹਾਂ ਨੂੰ ਵੱਡਾ ਵਿਸ਼ਵਾਸ ਦਿਖਾ ਕੇ ਵਿਧਾਨ ਸਭਾ ਵਿੱਚ ਭੇਜਿਆ ਹੈ, ਉਹ ਵੀ ਪੰਜਾਬ ਅਤੇ ਪੰਜਾਬੀਅਤ ਦੀ ਗੱਲ ਕਰਦੇ ਰਹੇ ਹਨ, ਪਰ ਪੰਜਾਬ ਤੇ ਪੰਜਾਬੀਅਤ ਦੀ ਰਾਖੀ ਕਰਨ ਦਾ ਸਮਾਂ ਆਇਆ ਤਾਂ ਹੋਰਨਾਂ ਨੂੰ ਅੱਗੇ ਕੀਤਾ ਹੈ। ਭਾਜਪਾ ਨੇ ਆਮ ਆਦਮੀ ਪਾਰਟੀ ਵੱਲੋਂ ਰਾਜ ਸਭਾ ਲਈ ਨਾਮਜ਼ਦੀਆਂਉੱਤੇ ਤਿੱਖੀ ਪ੍ਰਤੀਕਿਰਿਆ ਦੇਂਦਿਆਂ ਕਿਹਾ ਕਿ ਇਸ ਪਾਰਟੀ ਨੂੰ ਚਲਾਉਣ ਵਾਲੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਕਿਸੇ ਆਮ ਆਦਮੀ ਨੂੰ ਰਾਜ ਸਭਾ ਦਾ ਮੈਂਬਰ ਬਣਾਉਣਾ ਚਾਹੀਦਾ ਸੀ।

## ਸੜਕ ਉੱਤੇ ਕੁੱਟਮਾਰ ਦਾ ਮਾਮਲਾ: ਨਵਜੋਤ ਸਿੰਘ ਸਿੱਧੂ ਖਿਲਾਫ ਕੇਸ ਦੀ ਸੁਣਵਾਈ ਸੁਪਰੀਮ ਕੋਰਟ ਵਿੱਚ 25 ਮਾਰਚ ਨੂੰ




ਨਵੀਂ ਦਿੱਲੀ, 21 ਮਾਰਚ, (ਪੋਸਟ ਬਿਊਰੋ)- ਸੜਕ ਉੱਤੇ ਕੁੱਟਮਾਰ ਦੇ ਕਾਰਨ ਇਕ ਵਿਅਕਤੀ ਦੀ ਮੌਤ ਦੇ 34 ਸਾਲ ਪੁਰਾਣੇ ਕੇਸਵਿੱਚ ਕਾਂਗਰਸ ਆਗੂ ਅਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂਵਿਰੁੱਧ ਸੁਪਰੀਮ ਕੋਰਟਵਿੱਚ ਚੱਲ ਰਹੀ ਸੁਣਵਾਈ ਚਾਰ ਦਿਨ ਟਲ ਗਈ ਅਤੇ ਅਗਲੀ ਸੁਣਵਾਈ 25 ਮਾਰਚ ਨੂੰ ਦੁਪਹਿਰ ਦੋ ਵਜੇ ਹੋਵੇਗੀ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਨਵਜੋਤ ਸਿੰਘਸਿੱਧੂ ਨੇ ਸੁਪਰੀਮ ਕੋਰਟ ਤੋਂ ਮੰਗ ਕੀਤੀ ਸੀ ਕਿ ਉਨ੍ਹਾਂ ਨੂੰ 1988 ਦੇ ਇਸਕੇਸਵਿੱਚ ਸਜ਼ਾ ਨਾ ਦਿੱਤੀ ਜਾਵੇ, ਪਰ ਪਟੀਸ਼ਨਰ ਨੇ ਕਿਹਾ ਸੀ ਕਿ ਸਿਰਫ਼ ਮਾਰਕੁੱਟ ਦੀ ਧਾਰਾ ਲਾਉਣਾ ਗਲਤ ਹੈ, ਕਿਉਂਕਿ ਸੱਟ ਮਾਮੂਲੀ ਨਹੀਂ, ਏਨੀ ਗੰਭੀਰ ਸੀ ਕਿ ਮੌਤ ਹੋ ਗਈ ਸੀ। ਇਸ ਦੀ ਸੁਣਵਾਈ ਜਸਟਿਸ ਏਐੱਮ ਖਾਨਵਿਲਕਰ ਅਤੇ ਜਸਟਿਸ ਐੱਸਕੇ ਕੌਲ ਦੀ ਬੈਂਚ ਕਰੇਗੀ।ਅੱਜ ਜਸਟਿਸ ਖਾਨਵਿਲਕਰ ਤੇ ਜਸਟਿਸ ਏਐੱਸ ਓਕਾ ਦੇ ਬੈਂਚ ਨੇ ਸੁਣਵਾਈ ਸ਼ੁਰੂ ਕੀਤੀ ਤਾਂ ਜਸਟਿਸ ਖਾਨਵਿਲਕਰ ਨੇ ਕਿਹਾ ਕਿ ਇਹ ਸੁਣਵਾਈ ਸ਼ੁੱਕਰਵਾਰ ਨੂੰ ਵਿਸ਼ੇਸ਼ ਬੈਂਚ ਕਰੇਗੀ।ਪਹਿਲਾਂ 25 ਫਰਵਰੀ ਨੂੰ ਸੁਪਰੀਮ ਕੋਰਟ ਨੇ ਨਵਜੋਤ ਸਿੱਧੂ ਨੂੰ ਪਟੀਸ਼ਨਰ ਦੀ ਅਰਜ਼ੀ ਉੱਤੇ ਦੋ ਹਫ਼ਤੇਵਿੱਚ ਜਵਾਬ ਦੇਣ ਨੂੰ ਕਿਹਾ ਸੀ। ਸੁਪਰੀਮ ਕੋਰਟ ਨੇ 2018ਵਿੱਚ 65 ਸਾਲਾ ਬਜ਼ੁਰਗ ਨੂੰ ਜਾਣਬੁੱਝ ਕੇ ਮਾਰਨ ਲਈ ਨਵਜੋਤ ਸਿੰਘਸਿੱਧੂ ਨੂੰ ਦੋਸ਼ੀ ਮੰਨਿਆ, ਪਰ ਕੈਦ ਦੀ ਸਜ਼ਾ ਨਾ ਦੇ ਕੇ ਇੱਕ ਹਜ਼ਾਰ ਰੁਪਏ ਜੁਰਮਾਨਾ ਕੀਤਾ ਸੀ।ਫਿਰ ਸਤੰਬਰ 2018ਵਿੱਚ ਸੁਪਰੀਮ ਕੋਰਟ ਨੇ ਮ੍ਰਿਤਕ ਦੇ ਵਾਰਸਾਂ ਦੀ ਅਰਜ਼ੀ ਉੱਤੇ ਰੀਵਿਊ ਦੀ ਅਪੀਲ ਪ੍ਰਵਾਨ ਕਰ ਲਈ ਸੀ।

ਇਸ ਮਾਮਲੇਵਿੱਚ ਪਟਿਆਲਾ ਦੇ ਗੁਰਨਾਮ ਸਿੰਘ ਦੀ ਮੌਤ ਹੋ ਗਈ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਨਵਜੋਤ ਸਿੰਘ ਸਿੱਧੂ ਨੂੰ ਜਾਣਬੁੱਝ ਕੇ ਸੱਟ ਮਾਰਨ ਦਾ ਦੋਸ਼ੀ ਮੰਨ ਕੇ ਤਿੰਨ ਸਾਲ ਦੀ ਸਜ਼ਾ ਕੀਤੀ, ਪਰ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ 30 ਸਾਲਾਂ ਤੋਂ ਵੱਧ ਪੁਰਾਣੀ ਘਟਨਾ ਦੱਸ ਕੇ 1000 ਰੁਪਏ ਜੁਰਮਾਨੇਨਾਲ ਛੱਡ ਦਿੱਤਾ ਸੀ।

## ਕੁਰਸੀ ਬਚਾਉਣ ਲਈ ਇਮਰਾਨ ਸੁਪਰੀਮ ਕੋਰਟ ਜਾ ਪੁੱਜਾ

### * ਬਾਗੀਆਂ ਦੀਆਂ ਵੋਟਾਂ ਨਾ ਗਿਣਨ ਦੀ ਦਲੀਲ ਪੇਸ਼ ਕੀਤੀ



ਇਸਲਾਮਾਬਾਦ, 21 ਮਾਰਚ, (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਨੇ ਵਿਰੋਧੀ ਧਿਰ ਦੇ ਬੇਭਰੋਸਗੀ ਮਤੇ ਕਾਰਨ ਡੂੰਘੇ ਸਿਆਸੀ ਸੰਕਟ ਨੂੰ ਰੋਕਣ ਲਈਸੁਪਰੀਮ ਕੋਰਟ ਵਿੱਚ ਪਹੁੰਚ ਕੀਤੀ ਹੈ। ਪੀਟੀਆਈ ਨੇ ਸੁਪਰੀਮ ਕੋਰਟ ਨੂੰ ਪੁੱਛਿਆ ਹੈ ਕਿ ਮੌਜੂਦਾ ਸੰਵਿਧਾਨਕ ਅਤੇ ਕਾਨੂੰਨੀ ਢਾਂਚੇ ਦੇ ਤਹਿਤ ਦਲ-ਬਦਲੀ, ਫਲੋਰ ਕਰਾਸਿੰਗ ਅਤੇ ਵੋਟਾਂ ਦੀ ਹਾਰਸ-ਟ੍ਰੇਡਿੰਗ ਰੋਕਣ ਲਈ ਕੀ ਉਪਾਅ ਕੀਤੇ ਜਾ ਸਕਦੇ ਹਨ, ਜਿਸ ਬਾਰੇ ਰਾਸ਼ਟਰਪਤੀ ਨੇ ਵੀ ਨੁਕਤਾ ਉਠਾਇਆ ਹੈ।

ਨਿਊਜ਼ ਏਜੰਸੀ ਅਤੇ ਪਾਕਿਸਤਾਨੀ ਅਖ਼ਬਾਰ 'ਦਿ ਐਕਸਪ੍ਰੈਸ ਟ੍ਰਿਬਿਊਨ' ਦੀ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਪਾਕਿਸਤਾਨ ਦੇ ਅਟਾਰਨੀ ਜਨਰਲ ਖ਼ਾਲਿਦ ਜਾਵੇਦ ਖ਼ਾਨ ਵੱਲੋਂਬਣਾਏ ਖਰੜੇ ਵਿੱਚ ਕਿਹਾ ਗਿਆ ਹੈ ਕਿ ਜੋ ਲੋਕ ਆਪਣੀਆਂ ਗ਼ਲਤੀਆਂ ਤੋਂ ਸਬਕ ਲੈਂਦੇ ਹਨ, ਉਹੀ ਤਰੱਕੀ ਕਰ ਸਕਦੇ ਹਨ।ਇੱਕ ਸਾਲ ਪਹਿਲਾਂ ਸੈਨੇਟ ਚੋਣਾਂ ਵਿੱਚ ਖ਼ਰੀਦੋ-ਫਰੋਖਤ ਦੇ ਆਡੀਓ ਅਤੇ ਵੀਡੀਓ ਰਿਕਾਰਡਿੰਗ ਦੇ ਸਬੂਤ ਮਿਲੇ ਸਨ, ਪਰ ਅਜੇ ਤੱਕ ਇਸ ਬਾਰੇ ਕੁਝ ਵੀ ਸਾਰਥਕ ਨਹੀਂ ਹੋਇਆ।ਸਰਕਾਰ ਨੇ ਪੇਸ਼ ਕੀਤੇ ਖਰੜੇ ਵਿੱਚ ਕਿਹਾ ਕਿ ਧਾਰਾ-63 ਦੇ ਪ੍ਰਬੰਧ ਸਿਰਫ਼ ਖ਼ਰੀਦੋ-ਫਰੋਖਤਵਿੱਚ ਸ਼ਾਮਲ ਪਾਰਲੀਮੈਂਟ ਮੈਂਬਰਾਂ ਨੂੰ ਅਯੋਗ ਠਹਿਰਾਉਣ ਤੱਕ ਸੀਮਤ ਹਨ, ਪਰ ਦੇਸ਼ ਦੀ ਰਾਜਨੀਤੀ ਦਾ ਨੁਕਸਾਨ ਨਾ ਪੂਰਾ ਹੋਣ ਵਾਲਾ ਹੈ। ਇਸ ਲਈ ਧਾਰਾ 62(1) ਹੇਠਦੱਸਿਆ ਹੈ ਕਿ ਦਲ-ਬਦਲੂ ਐਲਾਨਕੀਤੇ ਜਾਣਾ ਜੀਵਨ ਭਰ ਦੀ ਅਯੋਗਤਾ ਹੈ। ਇਸ ਲਈ ਅਜਿਹੇ ਮੈਂਬਰਾਂ ਨੂੰ ਪਾਰਲੀਮੈਂਟ ਵਿੱਚ ਵਾਪਸ ਆਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਅਤੇ ਨਾ ਉਨ੍ਹਾਂ ਦੀਆਂ ਵੋਟਾਂ ਨੂੰ ਸੰਵਿਧਾਨਕ ਜਾਂ ਲੋਕਤੰਤਰੀ ਪ੍ਰਕਿਰਿਆ ਵਿੱਚ ਗਿਣਨਾ ਚਾਹੀਦਾ ਹੈ। ਸਰਕਾਰ ਨੇ ਕਿਹਾ ਕਿ ਜੇ ਸੰਵਿਧਾਨਕ ਅਪ੍ਰਵਾਨਗੀ ਤੇ ਦਲ-ਬਦਲੀ ਵਿਰੁੱਧ ਪਾਬੰਦੀ ਨੂੰ ਭਵਿੱਖ ਲਈ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ ਤਾਂ ਦੇਸ਼ ਮਜ਼ਬੂਤ ਹੋਵੇਗਾ।ਵਰਨਣਯੋਗ ਹੈ ਕਿ ਬੇਭਰੋਸਗੀ ਮਤੇ ਉੱਤੇ ਵੋਟਾਂ ਲਈ ਸਪੀਕਰ ਨੇ 25 ਮਾਰਚ ਨੂੰ ਨੈਸ਼ਨਲ ਅਸੈਂਬਲੀ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਹੋਇਆ ਹੈ।


















## ਅੱਜ ਨਾਮਾ

ਕਰਿਓ ਨਿੰਦਾ ਜਾਂ ਕਰੋ ਜੀ ਸਿਫਤ ਬੇਸ਼ੱਕ,
ਚਰਚਿਆਂ ਵਿੱਚ ਆ ਮਾਨ ਭਗਵੰਤ ਭਾਈ।
ਕਈ ਤਾਂ ਗੁਣ ਹੀ ਉਹਦੇ ਨੇ ਗਾਈ ਜਾਂਦੇ,
ਕੱਢ ਰਹੇ ਨੁਕਸ ਆ ਕਈ ਬੇਅੰਤ ਭਾਈ।
ਨਾ ਤੇ ਨਿਰਾ ਉਹ ਐਬਾਂ ਦੇ ਨਾਲ ਭਰਿਆ,
ਨਾ ਫਿਰ ਸਿਰੇ ਦਾ ਕਹੇ ਕੋਈ ਸੰਤ ਭਾਈ।
ਨਾ ਕੋਈ ਵੇਚ ਕੇ ਮਾਲ ਤਾਂ ਲੁੱਟ ਕਰਦਾ,
ਨਹੀਂ ਉਹ ਟਿੱਲੇ ਦਾ ਨਾਥ ਮਹੰਤ ਭਾਈ।
ਫਿਰ ਵੀ ਸਾਂਭੀ ਡਿਊਟੀ ਹੈ ਓਸ ਜਿਹੜੀ,
ਬਾਹਲੇ ਸਮਝਦੇ ਸਿਰਫ ਆ ਰਾਜ ਭਾਈ।
ਲਾਉਣ ਦੇਣੀਂ ਨਹੀਂ ਔਕੜਾਂ ਅੱਖ ਰਾਤੀਂ,
ਸਿਰ'ਤੇ ਕੰਡਿਆਂ ਦਾ ਪਿਆ ਤਾਜ ਭਾਈ।

**ਤੀਸ ਮਾਰ ਖਾਂ**

## ਉੱਤਰਾਖੰਡ ਵਿੱਚ ਭਾਜਪਾ ਦਾ ਕਮਾਲ: ਅਸੈਂਬਲੀ ਚੋਣ ਹਾਰਿਆ ਪੁਸ਼ਕਰ ਸਿੰਘ ਧਾਮੀ ਮੁੜ ਕੇ ਮੁੱਖ ਮੰਤਰੀ ਦੀ ਕੁਰਸੀ ਸੰਭਾਲੇਗਾ

ਡੇਹਰਾਦੂਨ, 21 ਮਾਰਚ, (ਪੋਸਟ ਬਿਊਰੋ)- ਉੱਤਰਾਖੰਡ ਵਿਧਾਨ ਸਭਾ ਚੋਣਾਂ ਪਿੱਛੋਂ ਨਵੀਂ ਸਰਕਾਰ ਬਣਾਉਣ ਦੀ ਚੱਲ ਰਹੀ ਕੋਸ਼ਿਸ਼ ਵਿੱਚ ਆਖਰ ਪੁਸ਼ਕਰ ਸਿੰਘ ਧਾਮੀ ਨੂੰ ਵਿਧਾਇਕ ਦਲ ਦਾ ਨੇਤਾ ਚੁਣਿਆ ਗਿਆ ਹੈ। ਇਸ ਨਾਲ ਉਨ੍ਹਾਂ ਦੇ ਮੁੜ ਕੇ ਮੁੱਖ ਮੰਤਰੀ ਬਣਨ ਦਾ ਰਾਹ ਸਾਫ ਹੋ ਗਿਆ ਹੈ। ਇਸ ਫੈਸਲੇ ਦਾ ਐਲਾਨ ਭਾਜਪਾ ਵਿਧਾਇਕ ਦਲ ਦੀ ਬੈਠਕ ਵਿੱਚ ਸ਼ਾਮਲ ਹੋਣ ਲਈ ਦੇਹਰਾਦੂਨ ਪਹੁੰਚੇ ਭਾਜਪਾ ਹਾਈ ਕਮਾਂਡ ਦੇ ਆਬਜ਼ਰਵਰਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਕੋ-ਆਬਜ਼ਰਵਰ ਮੀਨਾਕਸ਼ੀ ਲੇਖੀ ਨੇ ਕੀਤਾ ਹੈ। ਇਸ ਮੌਕੇ ਰਾਜਨਾਥ ਸਿੰਘ ਨੇ ਕਿਹਾ ਕਿ ਪੁਸ਼ਕਰ ਸਿੰਘ ਧਾਮੀ ਨੂੰ ਵਿਧਾਇਕ ਦਲ ਦਾ ਨੇਤਾ ਚੁਣਿਆ ਗਿਆ ਤੇ ਮੈਨੂੰ ਯਕੀਨ ਹੈ ਕਿ ਉਨ੍ਹਾ ਦੀ ਅਗਵਾਈ ਵਿੱਚ ਉੱਤਰਾਖੰਡ ਦਾ ਬਿਹਤਰ ਵਿਕਾਸ ਹੋਵੇਗਾ।

# ਅਸੈਂਬਲੀ ਸੈਸ਼ਨ ਦੇ ਪਹਿਲੇ ਭਾਸ਼ਣ ਵਿੱਚ ਗਵਰਨਰ ਨੇ ਭਗਵੰਤ ਮਾਨ ਸਰਕਾਰ ਦੀ ਨੀਤੀ ਪੇਸ਼ ਕੀਤੀ

*** ਨਵੀਂ ਸਰਕਾਰ ਹੇਠ ਲੋਕਾਂ ਨੂੰ ਪੰਜਾਬ ਦੇ ਅਸਲੀ ਰਾਜੇ ਕਿਹਾ**



ਚੰਡੀਗੜ੍ਹ, 21 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਗਵਰਨਰ ਬਨਵਾਰੀਲਾਲ ਪੁਰੋਹਿਤ ਨੇ ਅੱਜ ਪੰਜਾਬ ਵਿਧਾਨ ਸਭਾ ਵਿੱਚਕਿਹਾ ਕਿ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਇਸ ਰਾਜ ਦੀ ਪੁਰਾਤਨ ਸ਼ਾਨ ਬਹਾਲ ਕਰਨ ਤੇ ਪੰਜਾਬ ਨੂੰ ਇੱਕ ਵਾਰ ਫਿਰ ਦੇਸ਼ ਦੇ ਮੋਹਰੀ ਰਾਜ ਵਜੋਂ ਉਭਾਰਨ ਲਈ ਸਖ਼ਤ ਮਿਹਨਤ ਕਰੇਗੀ। ਉਨ੍ਹਾਂ ਕਿਹਾ, "ਇਹ ਨਾਗਰਿਕਾਂ ਦੇ ਨਾਲ ਸਾਂਝੇਦਾਰੀਵਿੱਚ ਸਮੂਹਿਕ ਸ਼ਾਸਨ ਦਾ ਕ੍ਰਾਂਤੀਕਾਰੀ ਮਾਡਲ ਹੋਵੇਗਾ।"

ਅੱਜ ਏਥੇ ਪੰਜਾਬ ਦੀ 16ਵੀਂ ਵਿਧਾਨ ਸਭਾ ਦੇ ਪਹਿਲੇ ਸੈਸ਼ਨ ਵਿੱਚ ਆਪਣੇ ਬੋਲਦੇ ਹੋਏਗਵਰਨਰ ਨੇ ਕਿਹਾ ਕਿ ਸਾਡੀ ਸਰਕਾਰ ਮੰਨਦੀ ਹੈ ਕਿ ਲੋਕਤੰਤਰਵਿੱਚ ਲੋਕ ਹੀ ਰਾਜਾ ਹੁੰਦੇ ਹਨ, ਸਰਕਾਰ ਇਸੇ ਸਿਧਾਂਤ ਉੱਤੇ ਚੱਲੇਗੀ ਅਤੇ ਸਾਰਾ ਧਿਆਨ ਲੋਕਾਂ ਦੀ ਭਲਾਈ ਯਕੀਨੀ ਬਣਾਉਣ ਵੱਲ ਹੋਵ-ੇਗਾ। ਉਨ੍ਹਾਂ ਕਿਹਾ ਕਿ ਸਰਕਾਰ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਸਹਿਣਸ਼ੀਲਤਾ ਨੀਤੀ ਰੱਖੇਗੀ ਤੇ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਹਰ ਤਰ੍ਹਾਂ ਦੇ ਟਰਾਂਸਪੋਰਟ, ਸ਼ਰਾਬ, ਰੇਤ ਮਾਫ਼ੀਆ ਆਦਿ ਨੂੰ ਖ਼ਤਮ ਕਰਨ ਲਈ ਵਚਨਬੱਧ ਹੈ।

ਗਵਰਨਰ ਬਨਵਾਰੀਲਾਲ ਪੁਰੋਹਿਤ ਨੇ ਪੰਜਾਬ ਸਰਕਾਰ ਵੱਲੋਂ ਕਿਹਾ ਕਿ ਗ਼ੈਰ-ਸਮਾਜਿਕ ਅਨਸਰਾਂ ਨੇ ਪਿਛਲੀਆਂ ਸਰਕਾਰਾਂ ਦੌਰਾਨ ਪੰਜਾਬ ਨੂੰ ਲੁੱਟਿਆਤੇ ਸਰਕਾਰੀ ਖਜ਼ਾਨੇ ਦਾ ਹਜ਼ਾਰਾਂ ਕਰੋੜ ਰੁਪਏ ਦਾ ਨੁਕਸਾਨ ਕੀਤਾ ਹੈ, ਜਿਸ ਦੀ ਵਰਤੋਂ ਆਮ ਲੋਕਾਂ ਦੇ ਭਲੇ ਲਈ ਕਰਨੀ ਬਣਦੀ ਸੀ। ਉਨ੍ਹਾਂ ਕਿਹਾ ਕਿ ਸਿਹਤ ਤੇ ਸਿੱਖਿਆ ਮਨੁੱਖੀ ਤੇ ਸਮਾਜੀ ਵਿਕਾਸ ਤੇ ਸ਼ਕਤੀਕਰਨ ਦੀ ਨੀਂਹ ਹਨ, ਇਸ ਲਈ ਸਰਕਾਰ ਇਨ੍ਹਾਂ ਦੋ ਮਹੱਤਵਪੂਰਨ ਖੇਤਰਾਂਵਿੱਚ ਸਰਬ ਪੱਖੀ ਸੁਧਾਰਾਂ ਲਈ ਵਚਨਬੱਧ ਹੈ।ਉਨ੍ਹਾ ਕਿਹਾ ਕਿ ਵਿੱਦਿਅਕ ਤੇ ਸਿਹਤ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਇਸ ਦਾ ਵਿਸਥਾਰ ਕਰਨ ਲਈ ਨੀਤੀਆਂ ਬਣਾ ਕੇ ਲਾਗੂ ਕੀਤੀਆਂ ਜਾਣਗੀਆਂ।ਗਵਰਨਰ ਨੇ ਕਿਹਾ ਕਿ ਰਾਜ ਦੇ ਹਰ ਨਾਗਰਿਕ ਦਾ ਹੈਲਥ ਕਾਰਡ ਬਣਾਇਆ ਜਾਵੇਗਾ, ਜਿਸ ਉੱਤੇ ਸਾਰੀ ਜਾਣਕਾਰੀ ਪੂਰੀ ਤਰ੍ਹਾਂ ਡਿਜੀਟਲ ਹੋਵੇਗੀ। ਇਸ ਤੋਂ ਬਿਨਾ ਦਿੱਲੀਵਿੱਚ 'ਮੁਹੱਲਾ ਕਲੀਨਿਕ' ਵਾਂਗ ਉੱਤੇਰਾਜਵਿੱਚ 16000 ਪਿੰਡ ਅਤੇ ਵਾਰਡ ਕਲੀਨਿਕ ਬਣਾਏ ਜਾਣਗੇ।ਗਵਰਨਰ ਨੇ ਕਿਹਾ ਕਿ ਰਾਜਸਰਕਾਰ ਦਿੱਲੀ ਦੀ 'ਫਰਿਸ਼ਤੇ' ਸਕੀਮ ਵਾਂਗ ਇਕ ਸਕੀਮ ਚਲਾਵੇਗੀ, ਜਿਸ ਹੇਠ ਕੋਈ ਵੀ ਵਿਅਕਤੀ ਸੜਕ ਹਾਦਸੇ ਦੇ ਪੀੜਤ ਨੂੰ ਕਿਸੇ ਵੀ ਹਸਪਤਾਲਲਿਜਾ ਸਕੇਗਾ, ਜਿੱਥੇ ਉਸ ਦਾ ਮੁਫ਼ਤ ਇਲਾਜ ਹੋਵੇਗਾ।

ਔਰਤਾਂ ਦੇ ਸ਼ਕਤੀਕਰਨ ਲਈ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਪੇਸ਼ ਕਰਦਿਆਂ ਗਵਰਨਰ ਨੇ ਕਿਹਾ ਕਿ ਸਰਕਾਰ ਵੱਲੋਂ ਔਰਤਾਂ ਲਈ ਵਿਸ਼ੇਸ਼ ਯੋਜਨਾ ਹੇਠ 18 ਸਾਲ ਤੋਂ ਵੱਧ ਉਮਰ ਦੀ ਹਰ ਔਰਤ ਨੂੰ 1000 ਰੁਪਏ ਮਹੀਨਾ ਮਿਲਣਗੇ, ਜਦਕਿ ਬਜ਼ੁਰਗ ਔਰਤਾਂ ਨੂੰ ਸੀਨੀਅਰ ਨਾਗਰਿਕਾਂ ਵਾਲੀ ਪੈਨਸ਼ਨ ਤੋਂ ਇਲਾਵਾ 1000 ਰੁਪਏ ਮਿਲਣਗੇ। ਉਨ੍ਹਾਂ ਕਿਹਾ ਕਿ ਸਰਕਾਰ ਸਿੱਖਿਆ ਖੇਤਰ ਦੀ ਕਾਇਆ ਪਟਲਣ ਦਾ ਕੰਮ ਕਰੇਗੀ ਤੇ ਯਕੀਨੀ ਬਣਾਵੇਗੀ ਕਿ ਸਰਕਾਰੀ ਸਕੂਲਾਂਵਿੱਚਦਿੱਤੀ ਜਾਂਦੀ ਸਿੱਖਿਆ ਪ੍ਰਾਈਵੇਟ ਸਕੂਲਾਂ ਤੋਂ ਵੀ ਬਿਹਤਰ ਹੋਵੇ।ਉਨ੍ਹਾ ਕਿਹਾ ਕਿ ਸਰਕਾਰ ਯਕੀਨੀ ਕਰੇਗੀ ਕਿ ਸਕੂਲਾਂ ਦੀਆਂ ਫੀਸਾਂ ਨਿਯਮਿਤ ਕਰੇ ਤਾਂ ਜੋ ਆਮ ਲੋਕਾਂਦਾ ਬੋਝ ਘੱਟ ਹੋ ਸਕੇ।ਉਨ੍ਹਾ ਕਿਹਾ, "ਸਰਕਾਰ ਪੰਜਾਬ ਦੇ ਹਰ ਘਰ ਨੂੰ 300 ਯੂਨਿਟ ਮੁਫ਼ਤ ਬਿਜਲੀ ਦੇਵੇਗੀ ਅਤੇ ਲੱਗਭਗ 80 ਫ਼ੀਸਦੀ ਘਰਾਂਦਾ ਬਿਜਲੀ ਬਿੱਲ ਖਤਮ ਹੋਵੇਗਾ। ਬਿਜਲੀ ਦੇ ਬਿੱਲ/ਬਕਾਏ ਦਾ ਭੁਗਤਾਨ ਨਾ ਕਰਨ ਕਰ ਕੇ ਕੱਟੇ ਗਏ ਘਰੇਲੂ ਬਿਜਲੀ ਕੁਨੈਕਸ਼ਨਾਂ ਨੂੰ ਬਹਾਲ ਕੀਤਾ ਜਾਵੇਗਾ।"

ਇਹੀ ਨਹੀਂ, ਗਵਰਨਰ ਬਨਵਾਰੀਲਾਲ ਪੁਰੋਹਿਤ ਨੇ ਕਿਹਾ ਕਿ ਸਰਕਾਰ ਕਿਸਾਨੀ ਮੁੱਦਿਆਂ ਨੂੰ ਪਹਿਲ ਦੇ ਆਧਾਰ ਉੱਤੇ ਹੱਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਕੁਦਰਤੀ ਕਹਿਰ ਕਾਰਨ ਜਿਨ੍ਹਾਂ ਕਿਸਾਨਾਂ ਦਾ ਫਸਲੀ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਉਤਪਾਦਨ ਲਾਗਤ ਦੇ ਅਨੁਪਾਤ ਨਾਲ ਰਾਸ਼ੀ ਵਧਾ ਕੇ ਮੁਆਵਜ਼ਾ ਦਿੱਤਾ ਜਾਵੇਗਾ।ਉਨ੍ਹਾ ਕਿਹਾ ਕਿ 30 ਅਪੈਲ ਤੱਕ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਹਰ ਪੀੜਤ ਕਿਸਾਨ ਅਤੇ ਮਜ਼ਦੂਰ ਦੇ ਖਾਤੇਪਾ ਦਿੱਤਾ ਜਾਵੇਗਾ।ਗਵਰਨਰ ਨੇ ਕਿਹਾ ਕਿ ਸਰਕਾਰ ਪੰਜਾਬ ਦੇ ਸ਼ਹੀਦ ਜਵਾਨਾਂ ਦੇ ਵਾਰਸਾਂ ਨੂੰ 1 ਕਰੋੜ ਰੁਪਏ ਦੀ ਰਾਹਤ/ਮਾਣ-ਭੱਤਾ ਦੇਵੇਗੀ।ਉਨ੍ਹਾ ਕਿਹਾ, "ਇੰਸਪੈਕਟਰ ਰਾਜ, ਰੇਡ ਰਾਜ ਤੇ ਨਾਜਾਇਜ਼ ਟੈਕਸ ਪੂਰੀ ਤਰ੍ਹਾਂ ਖ਼ਤਮ ਕਰਕੇ ਕਾਰੋਬਾਰ ਲਈ ਸੁਰੱਖਿਅਤ ਮਾਹੌਲ ਬਣਾਇਆ ਜਾਵੇਗਾ ਤੇ ਵਪਾਰੀਆਂ ਵਿਰੁੱਧ ਪਿਛਲੀਆਂ ਸਭ ਜਾਅਲੀਸ਼ਿਕਾਇਤਾਂ ਰੱਦ ਕੀਤੀਆਂ ਜਾਣਗੀਆਂ।" ਸਰਕਾਰ ਅਨੁਸੂਚਿਤ ਜਾਤੀ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ, ਕਾਲਜ ਵਿਦਿਆਰਥੀਆਂ ਲਈ ਮੁਫ਼ਤ ਵਿਦੇਸ਼ੀ ਸਿੱਖਿਆ, ਮੁਫ਼ਤ ਮੈਡੀਕਲ ਸੇਵਾ ਤੇ ਪ੍ਰਤੀਯੋਗਿਤਾ ਪ੍ਰੀਖਿਆਵਾਂ ਲਈ ਮੁਫ਼ਤ ਕੋਚਿੰਗ ਦੇਵੇਗੀ।

ਗਵਰਨਰ ਨੇ ਕਿਹਾ ਕਿ ਸਰਕਾਰ ਪੰਜਾਬਵਿੱਚ ਖੇਡਾਂ ਪ੍ਰਫੁੱਲਤ ਕਰਨ ਲਈ ਜਲੰਧਰ ਵਿਖੇ ਦੇਸ਼ ਦੀ ਸਭ ਤੋਂ ਵੱਡੀ ਖੇਡ ਯੂਨੀਵਰਸਿਟੀ ਬਣਾਏਗੀ ਤੇ ਉਦਯੋਗਿਕ ਪੁਨਰ-ਸੁਰਜੀਤੀ ਦੇ ਹੁਲਾਰੇ ਲਈ ਘੱਟ ਵਿਕਸਿਤ ਉਦਯੋਗਿਕ ਅਸਟੇਟਾਂ ਤੇ ਫੋਕਲ ਪੁਆਇੰਟਾਂਵਿੱਚ ਗੈਰ-ਵਰਤੋਂ ਵਾਲੀਆਂ ਜ਼ਮੀਨਾਂ ਉਦਯੋਗ ਨੂੰ ਵਾਜਿਬ ਦਰਾਂ ਉੱਤੇਦੇਵੇਗੀ।ਉਨ੍ਹਾ ਕਿਹਾ ਕਿ ਰਾਜਵਿੱਚ ਬੰਬ ਧਮਾਕੇ, ਬਰਗਾੜੀ ਕਾਂਡ ਸਮੇਤ ਬੇਅਦਬੀ ਦੇ ਸਾਰੇ ਕੇਸਾਂ, ਗੈਂਗਸਟਰਾਂ ਦੀਆਂ ਵਾਰਦਾਤਾਂ ਤੇ ਹੋਰ ਕੇਸਾਂ ਦੀ ਜਾਂਚ ਕਰਵਾ ਕੇ ਸਾਰੇ ਦੋਸ਼ੀਆਂ ਉੱਤੇ ਕਾਨੂੰਨੀ ਕਾਰਵਾਈ ਕਰੇਗੀ ਤੇ ਰਾਜ ਦੀਆਂ ਸਰਹੱਦਾਂ ਦੀ ਚੌਕਸ ਰਾਖੀ ਹੋਵੇਗੀ ਤਾਂ ਜੋ ਕੋਈ ਅੱਤਵਾਦੀ ਏਧਰ ਦਾਖਲ ਨਾ ਹੋ ਸਕੇ ਅਤੇ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਰੋਕੀ ਜਾ ਸਕੇ।

ਇਸ ਮੌਕੇ ਗਵਰਨਰਬਨਵਾਰੀਲਾਲ ਪੁਰੋਹਿਤ ਨੇ ਕਿਹਾ ਕਿ ਬੀਤੇ ਕੁਝ ਸਾਲਾਂ ਤੋਂ ਆਮਦਨ ਅਤੇ ਖਰਚਿਆਂਵਿੱਚ ਬੇਮੇਲਤਾ ਕਾਰਨ ਪੰਜਾਬ ਦੀ ਵਿੱਤੀ ਹਾਲਤ ਖਰਾਬ ਹੈ। ਪਿਛਲੇ ਸਾਲਾਂ ਵਿੱਚਵੱਡੇ ਘਾਟੇ ਕਾਰਨ ਕਰਜ਼ੇ ਦਾ ਭਾਰੀ ਵਾਧਾ ਹੋ ਕੇ 3.5 ਲੱਖ ਕਰੋੜ ਰੁਪਏ ਤੱਕ ਪੁੱਜ ਗਿਆ ਹੈ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਰਾਜ ਨੂੰ ਕਰਜ਼ੇ ਦੇ ਦਬਾਅ ਵਾਲੇ ਰਾਜ ਵਜੋਂ ਕਲਾਸੀਫਾਈ ਕੀਤਾ ਗਿਆ ਅਤੇ ਰਿਜ਼ਰਵ ਬੈਂਕ ਦੀ 2021-22 ਦੀ ਰਿਪੋਰਟ ਅਨੁਸਾਰ ਪੰਜਾਬ ਦਾ ਕਰਜ਼ਾਕੁੱਲ ਘਰੇਲੂ ਉਤਪਾਦ (ਜੀਐੱਸਡੀਪੀ) ਅਨੁਪਾਤ 42.5 ਫੀਸਦੀ ਹੈ ਅਤੇ ਇਹ ਜੰਮੂ ਕਸ਼ਮੀਰ, ਅਰੁਣਾਚਲ ਪ੍ਰਦੇਸ਼ ਅਤੇ ਨਾਗਾਲੈਂਡ ਤੋਂ ਬਾਅਦ ਸਭ ਤੋਂ ਵੱਧ ਹੈ।ਸਾਫ ਹੈ ਕਿ ਇਹ ਪੰਜਾਬ ਨੂੰ ਭਾਰਤ ਦਾ ਸਭ ਤੋਂ ਵੱਡਾ ਕਰਜ਼ਦਾਰ ਰਾਜ ਬਣਾਉਂਦਾ ਹੈਤੇ ਸਰਕਾਰ ਸਥਿਤੀ ਸੁਧਾਰਨ ਲਈ ਹਰ ਯਤਨ ਕਰੇਗੀ।

# ਭਗਵੰਤ ਮਾਨ ਸਰਕਾਰ ਨੇ ਮੰਤਰੀਆਂ ਨੂੰ ਮਹਿਕਮੇ ਵੰਡੇ, ਗ੍ਰਹਿ ਵਿਭਾਗ ਮੁੱਖ ਮੰਤਰੀ ਕੋਲ ਰਹੇਗਾ

*** ਹਰਪਾਲ ਚੀਮਾ ਪੰਜਾਬ ਦੇ ਖਜ਼ਾਨਾ ਮੰਤਰੀ ਬਣਾਏ ਗਏ**

ਚੰਡੀਗੜ੍ਹ, 21 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਲਾਹ ਤੇ ਸਿਫ਼ਾਰਿਸ਼ ਉੱਤੇਰਾਜ ਦੇ ਗਵਰਨਰ ਬਨਵਾਰੀ ਲਾਲ ਪੁਰੋਹਿਤ ਨੇ ਅੱਜ ਨਵੇਂ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ ਕਰ ਦਿੱਤੀ ਹੈ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਅਨੁਸਾਰ ਪੰਜਾਬ ਦੇ ਪ੍ਰਸ਼ਾਸਨਿਕ ਸੁਧਾਰ, ਸ਼ਹਿਰੀ ਹਵਾਬਾਜ਼ੀ, ਆਮ ਪ੍ਰਸ਼ਾਸਨ, ਗ੍ਰਹਿ ਵਿਭਾਗ ਅਤੇ ਨਿਆਂ, ਪ੍ਰਸੋਨਲ, ਵਿਜੀਲੈਂਸ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ, ਲੋਕਲ ਬਾਡੀਜ਼, ਉਦਯੋਗ ਤੇ ਵਪਾਰ, ਖੇਤੀ ਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਫੂਡ ਪ੍ਰੋਸੈਸਿੰਗ, ਨਿਵੇਸ਼ ਪ੍ਰੋਤਸਾਹਨ, ਵਿਗਿਆਨ ਤਕਨਾਲੋਜੀ ਅਤੇ ਵਾਤਾਵਰਣ, ਪਾਰਲੀਮੈਂਟਰੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਨ, ਆਜ਼ਾਦੀ ਘੁਲਾਟੀਏ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ ਅਤੇ ਸਿਖਲਾਈ, ਕਿਰਤ, ਛਪਾਈ ਅਤੇ ਲਿਖਣ ਸਮੱਗਰੀ, ਫੌਜੀ ਸੇਵਾਵਾਂ ਦੀ ਭਲਾਈ, ਨਵੀਂ ਅਤੇ ਨਵਿਆਉਣਯੋਗ ਊਰਜਾ ਦੇ ਸਰੋਤ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਖੁਦ ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਅਧਿਕਾਰ ਵਿੱਚ ਰਹਿਣਗੇ। ਇਸ ਤੋਂ ਬਿਨਾਂ ਜਿਹੜਾ ਕੋਈ ਵਿਭਾਗ ਕਿਸੇ ਮੰਤਰੀ ਨੂੰ ਨਹੀਂ ਸੌਂਪਿਆ ਜਾਂਦਾ, ਉਸ ਦੀ ਜ਼ਿੰਮੇਵਾਰੀ ਵੀ ਮੁੱਖ ਮੰਤਰੀ ਕੋਲ ਹੋਵੇਗੀ।

ਇਸ ਦੌਰਾਨ ਹਰਪਾਲ ਸਿੰਘ ਚੀਮਾ ਨੂੰ ਵਿੱਤ, ਯੋਜਨਾਬੰਦੀ, ਪ੍ਰੋਗਰਾਮ ਲਾਗੂ ਕਰਨ, ਐਕਸਾਈਜ਼ਅਤੇ ਟੈਕਸੇਸ਼ਨ ਤੇ ਕੋਆਪਰੇਟਿਵ ਵਿਭਾਗ ਦਿੱਤਾ ਗਿਆ ਹੈ।ਮੰਤਰੀ ਡਾ. ਬਲਜੀਤ ਕੌਰ ਨੂੰ ਸਮਾਜਿਕ ਨਿਆਂ, ਸ਼ਕਤੀਕਰਨ ਅਤੇ ਘੱਟ-ਗਿਣਤੀਆਂਅਤੇ ਸਮਾਜੀ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦਿੱਤੇ ਹਨ। ਹਰਭਜਨ ਸਿੰਘ ਨੂੰ ਲੋਕ ਨਿਰਮਾਣ ਤੇ ਬਿਜਲੀ ਵਿਭਾਗ ਮਿਲਿਆ ਹੈ। ਡਾ. ਵਿਜੇ ਸਿੰਗਲਾ ਨੂੰ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਦੇ ਕੇ ਲਾਲ ਚੰਦ ਨੂੰ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ, ਜੰਗਲਾਤ ਤੇ ਜੰਗਲੀ ਜੀਵ ਵਿਭਾਗ ਦਿਤੇ ਗਏ ਹਨ।



ਗੁਰਮੀਤ ਸਿੰਘ ਮੀਤ ਹੇਅਰ ਨੂੰ ਸਕੂਲ ਸਿੱਖਿਆ, ਖੇਡਾਂ ਅਤੇ ਯੁਵਕ ਸੇਵਾਵਾਂ ਅਤੇ ਉਚੇਰੀ ਸਿੱਖਿਆ ਵਿਭਾਗ ਮਿਲੇ ਹਨ।ਕੁਲਦੀਪ ਸਿੰਘ ਧਾਲੀਵਾਲ ਨੂੰ ਪੇਂਡੂ ਵਿਕਾਸ ਤੇ ਪੰਚਾਇਤਾਂ, ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਤੇ ਪ੍ਰਵਾਸੀ ਭਾਰਤੀ ਵਿਭਾਗ ਮਿਲੇ ਹਨ। ਲਾਲਜੀਤ ਸਿੰਘ ਭੁੱਲਰ ਨੂੰ ਟਰਾਂਸਪੋਰਟ ਅਤੇ ਪ੍ਰਾਹੁਣਚਾਰੀ ਵਿਭਾਗ ਦਾ ਜ਼ਿੰਮਾਮਿਲਿਆ ਹੈ। ਬ੍ਰਹਮ ਸ਼ੰਕਰ ਨੂੰ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧ, ਜਲ ਸਰੋਤ ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦਿੱਤਾ ਗਿਆ ਹੈ। ਹਰਜੋਤ ਸਿੰਘ ਬੈਂਸ ਨੂੰ ਕਾਨੂੰਨੀ ਅਤੇ ਵਿਧਾਨਿਕ ਮਾਮਲੇ, ਖਾਣਾਂ ਅਤੇ ਭੂ-ਵਿਗਿਆਨ, ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਅਤੇ ਜੇਲ੍ਹ ਵਿਭਾਗ ਦਿੱਤੇ ਗਏ ਹਨ।


TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED

25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization

BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1


Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਵਿਸ਼ਵ ਜਲ ਦਿਵਸ ’ਤੇ ਵਿਸ਼ੇਸ਼

# ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥



-ਸੁਰਜੀਤ ਸਿੰਘ ਫਲੋਰਾ-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਗੁਰਬਾਣੀ ਦੀ ਇਸ ਪਵਿੱਤਰ ਵਾਕ ਅਨੁਸਾਰ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਗਿਆ ਹੈ। ਪਾਣੀ ਕੁਦਰਤ ਦੀ ਅਨਮੋਲ ਦਾਤ ਹੀ ਨਹੀਂ ਵੱਲਕੇ ਇਕ ਵੱਡਮੁਲਾ ਤੋਹਫ਼ਾ ਹੈ। ਕੁਦਰਤ ਨੇ ਇਸ ਦੁਨੀਆਂ ‘ਚ ਪਾਣੀ ਦੇ ਵੱਖ ਵੱਖ ਰੂਪਾਂ ‘ਚ ਬੇਅੰਤ ਜ਼ਖੀਰੇ ਦਿੱਤੇ ਹਨ। ਪਾਣੀ ਨੂੰ ਜੀਵਨ ਦਾ ਮੂਲ ਅਧਾਰ ਕਿਹਾ ਜਾਂਦਾ ਹੈ। ਪਾਣੀ ਤੋਂ ਬਿਨਾਂ ਇਸ ਧਰਤੀ ‘ਤੇ ਜੀਵਨ ਸੰਭਵ ਹੀ ਨਹੀਂ ਹੈ। ਇਸ ਲਈ ਕਹਿੰਦੇ ਹਨ ਕਿ ਪਾਣੀ ਹੈ ਤਾਂ ਪ੍ਰਾਣੀ ਹੈ ਨਹੀਂ ਤਾਂ ਖ਼ਤਮ ਕਹਾਣੀ ਹੈ। ਇਸ ਧਰਤੀ ‘ਤੇ ਜਦੋਂ ਪਹਿਲੀ ਵਾਰ ਜੀਵਨ ਧੜਕਿਆ ਸੀ ਤਾਂ ਉਹ ਪਾਣੀ ਵਿਚ ਹੀ ਮਾਂ ਦੇ ਸਰੀਰ ਵਿਚ ਧੜਕਿਆ ਸੀ। ਧਰਤੀ ਦਾ ਜੋ ਸੁਹੱਪਣ ਹੈ ਉਸ ਦਾ ਭੇਦ ਵੀ ਇਸ ਪਾਣੀ ਵਿਚ ਛੁਪਿਆ ਹੋਇਆ ਹੈ। ਪਾਣੀ ਨਾਲ ਹੀ ਇਥੇ ਜੰਗਲ, ਬਨਸਪਤੀ ਤੇ ਹੋਰ ਫੁੱਲ ਬੂਟੇ ਆਪਣੀ ਸੁੰਦਰਤਾ ਬਿਖੇਰਦੇ ਹਨ।

ਪਾਣੀ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਪਾਣੀ ਸਾਡੇ ਜੀਵਨ ਦੀ ਮੁਢਲੀ ਜਰੂਰਤ ਹੈ।

ਜਲੁ ਬਿਨੁ ਸਾਖ ਕੁਮਲਾਵਤੀ,

ਉਪਜਹਿ ਨਾਹੀ ਦਾਮ ॥

ਪਾਣੀ ਸਮਾਜਿਕ ਅਤੇ ਸਭਿਆਚਾਰਕ ਤਰੱਕੀ , ਵਾਤਾਵਰਣ ਅਤੇ ਕੁਦਰਤ ਦਾ ਸੰਤੁਲਨ , ਦੇਸ਼ ਦੀ ਆਰਥਿਕਤਾ ਦੀ ਮਜ਼ਬੂਤੀ ਅਤੇ ਤੰਦਰੁਸਤ ਮਾਨਸਿਕਤਾ ਦਾ ਆਧਾਰ ਹੈ।

ਪਾਣੀ ਦੀ ਇੰਨੀ ਵੱਡੀ ਮਹੱਤਤਾ ਹੋਣ ਦੇ ਬਾਵਜੂਦ ਇਸ ਕੀਮਤੀ ਕੁਦਰਤੀ ਤੋਹਫ਼ੇ ਦੀ ਬੇਸਮਝੀ ਅਤੇ ਬੇਕਦਰੀ ਨਾਲ ਕੀਤੀ ਜਾ ਰਹੀ ਵਰਤੋਂ ਨਾਲ ਜਿੱਥੇ ਪਾਣੀ ਦੀ ਭਾਰੀ ਕਮੀ ਮਹਿਸੂਸ ਹੋ ਰਹੀ ਹੈ, ਉੱਥੇ ਗੁਣਵੱਤਾ ਦੀ ਘਾਟ ਅੱਜ ਚਿੰਤਾ ਦਾ ਬਹੁਤ ਵੱਡਾ ਵਿਸ਼ਾ ਬਣ ਚੁੱਕੀ ਹੈ। ਪਾਣੀ ਸੰਬੰਧੀ ਚਾਹੇ ਸੰਕਟ ਵਿਸ਼ਵ ਵਿਆਪੀ ਹੈ ,ਪ੍ਰੰਤੂ ਸਾਡੇ ਦੇਸ਼ ਵਿੱਚ ਕਮਜ਼ੋਰ ਜਲ ਨੀਤੀ ਅਤੇ ਵਰਤੋਂ ਦੇ ਗਲਤ ਤੌਰ ਤਰੀਕੇ ਤੇ ਕਾਰਨ ਪਾਣੀ ਦੀ ਸਥਿਤੀ ਬਦਤਰ ਹੋ ਚੁੱਕੀ ਹੈ । ਸਾਡੇ ਦੇਸ਼ ਦੇ ਮਹਾਨ ਲੋਕਾਂ ਨੇ ਸੈਂਕੜੇ ਸਾਲ ਪਹਿਲਾਂ ਹੀ ਪਾਣੀ ਦੀ ਸੁਚੱਜੀ ਵਰਤੋਂ ਦੀ ਗੱਲ ਕੀਤੀ ਸੀ।


ਰਹੀਮ ਜੀ ਨੇ ਆਪਣੇ ਕਥਨ ਵਿਚ ਲਿਖਿਆ ਹੈ:

ਰਹਿਮਨ ਪਾਣੀ ਰਾਖੀਏ, ਬਿਨ ਪਾਣੀ ਸਭ ਸੂਨ॥

ਫਿਰ ਗੁਰਬਾਣੀ ਵਿੱਚ ਗੁਰੂ ਸਾਹਿਬ ਨੇ ਗੱਲ ਕਰਦੇ ਹੋਏ ਲਿਖਿਆ ਹੈ:

ਪਹਿਲਾਂ ਪਾਣੀ ਜੀਉ ਹੈ ,ਜਿਤੁ ਹਰਿਆ ਸਭ ਕੋਇ ॥

ਰੋਜ਼ਾਨਾ ਭੱਜ ਦੌੜ ਦੀ ਜਿੰਦਗੀ ਵਿੱਚ ਅਸੀਂ ਇਹ ਵੀ ਭੁੱਲ ਗਏ ਹਾਂ ਕਿ ਦੁਨੀਆਂ ਦੀ ਸਭ ਤੋਂ ਜ਼ਰੂਰੀ ਚੀਜ਼ ਪਾਣੀ ਬਗੈਰ ਜਿੰਦਗੀ ਦੀ ਕਲਪਨਾ ਵੀ ਨਹੀਂ ਹੋ ਸਕਦੀ ਤੇ ਅਸੀਂ ਇਸੇ ਵੱਡਮੁੱਲੀ ਚੀਜ਼ ਨੂੰ ਅੰਨ੍ਹੇਵਾਹ ਗਵਾਉਂਦੇ ਚਲੇ ਜਾ ਰਹੇ ਹਾਂ। ਪਾਣੀ ਬਚਾਉਣ ਲਈ ਵਿਚਾਰ ਚਰਚਾਵਾਂ ਜ਼ਰੂਰ ਹੁੰਦੀਆਂ ਹਨ ਪਰ ਪਾਣੀ ਬਚਾਉਣ ਦੀ ਵਿਅਕਤੀਗਤ ਜਿੰਮੇਦਾਰੀ ਲੈਣ ਲਈ ਕੋਈ ਤਿਆਰ ਨਹੀਂ ਹੈ। ਪਾਣੀ ਨਾਲ ਜੁੜੇ ਅੰਕੜੇ ਵੀ ਸਾਨੂੰ ਗਣਿਤ ਦੇ ਸਵਾਲ ਵਰਗੇ ਲੱਗਦੇ ਹਨ, ਪਰ ਇਹ ਉਹ ਅੰਕੜੇ ਹਨ ਜਿਨ੍ਹਾਂ ਨਾਲ ਸਾਡੀ ਹੋਂਦ ਜੁੜੀ ਹੋਈ ਹੈ।



ਅਸਲ ਵਿਚ ਪਾਣੀ ਦੋ ਤੱਤ, ਹਾਈਡ੍ਰੋਜਨ ਅਤੇ ਆਕਸੀਜਨ ਦਾ ਬਨਿਆ ਹੈ, ਪਰ ਧਰਤੀ ਦਾ ਸਭ ਤੋਂ ਭਰਪੂਰ ਅਣੂ ਹੈ। ਧਰਤੀ ਦੀ 70% ਤੋਂ ਵੱਧ ਸਤਹ, ਜਾਂ 333 ਮਿਲੀਅਨ ਕਿਚਬਿਕ ਮੀਲ, ਪਾਣੀ ਹੈ. ਨਾ ਸਿਰਫ ਸਮੁੰਦਰਾਂ, ਨਦੀਆਂ, ਝੀਲਾਂ, ਬਰਫ਼ ਦੀਆਂ ਟਹਿਣੀਆਂ, ਗਲੇਸ਼ੀਅਰਾਂ ਅਤੇ ਬੱਦਲਾਂ ਵਿਚ ਪਾਣੀ ਪਾਇਆ ਜਾਂਦਾ ਹੈ, ਬਲਕਿ ਇਹ ਧਰਤੀ ਦੇ ਹਰ ਜੀਵ ਦੇ ਸਰੀਰ ਵਿਚ ਵੀ ਪਾਇਆ ਜਾਂਦਾ ਹੈ।

ਦਰਅਸਲ, ਤੁਹਾਡੇ ਸਰੀਰ ਦਾ 60% ਹਿੱਸਾ ਪਾਣੀ ਨਾਲ ਬਨਿਆ ਹੋਇਆ ਹੈ। ਪਾਣੀ ਜ਼ਿੰਦਗੀ ਲਈ ਜ਼ਰੂਰੀ ਹੈ। ਇਸ ਦੇ ਬਾਵਜੂਦ ਇਥੇ 844 ਲੱਖ ਲੋਕ ਸਾਫ ਪਾਣੀ ਤੱਕ ਪਹੁੰਚ ਤੋਂ ਅਸਮਰਥ ਹਨ। ਪਾਣੀ ਦੀ ਘਾਟ ਕਈ ਸਮੱਸਿਆਵਾਂ ਨਾਲ ਜੁੜੀ ਹੋਈ ਹੈ, ਪਰ ਮਨੁੱਖ-ਬਣਾਏ ਸੰਕਟ ਜਿਵੇਂ ਕਿ ਉਦਯੋਗਿਕ ਪ੍ਰਦੂਸ਼ਣ, ਮੌਸਮ ਵਿੱਚ ਤਬਦੀਲੀ ਅਤੇ ਲੋਕਾ ਵਲੋਂ ਗੰਦਗੀ ਫੈਲਾ ਕੇ ਇਸ ਨੂੰ ਪੀਣ ਯੋਗ ਨਹੀਂ ਛੱਡਿਆ , ਜਿਸ ਕਰਕੇ ਪੀਣ, ਨਹਾਉਣ, ਹੱਥ ਧੋਣ, ਸਿੰਚਾਈ ਅਤੇ ਹੋਰ ਜਰੂਰਤਾਂ ਲਈ ਲੋੜੀਂਦੇ ਪਾਣੀ ਤੋਂ ਬਿਨਾਂ ਇੰਨਸਾਨ ਆਸਾਨੀ ਨਾਲ ਗਰੀਬੀ, ਭੁੱਖਮਰੀ ਅਤੇ ਬਿਮਾਰੀ ਦੇ ਫੈਲਣ ਦਾ ਸ਼ਿਕਾਰ ਹੋ ਜਾਂਦਾ ਹੈ।

1993 ਤੋਂ, ਵਿਸ਼ਵ ਜਲ ਦਿਵਸ 22 ਮਾਰਚ ਨੂੰ ਵਿਸ਼ਵ ਦੇ ਸੰਕਟ ਦੇ ਆਲੇ ਦੁਆਲੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਜਿਸ ਦੇ ਟੀਚੇ ਨਾਲ ਸਾਲ 2030 ਤਕ ਹਰੇਕ ਨੂੰ ਪਾਣੀ ਅਤੇ ਸੈਨੀਟੇਸ਼ਨ ਉਪਲਬਧ ਕਰਵਾਉਣਾ ਹੈ।“ਪਾਣੀ ਦੀ ਕੀਮਤ ਇਸਦੀ ਕੀਮਤ ਨਾਲੋਂ ਕਿਤੇ ਵੱਧ ਹੈ - ਪਾਣੀ ਸਾਡੇ ਘਰਾਂ, ਭੋਜਨ, ਸਭਿਆਚਾਰ, ਸਿਹਤ, ਸਿੱਖਿਆ, ਅਰਥਸ਼ਾਸਤਰ ਅਤੇ ਸਾਡੇ ਕੁਦਰਤੀ ਵਾਤਾਵਰਣ ਦੀ ਅਖੰਡਤਾ ਲਈ ਬਹੁਤ ਵੱਡਾ ਅਤੇ ਗੁੰਝਲਦਾਰ ਮੁੱਲ ਰੱਖਦਾ ਹੈ।” ਸੰਯੁਕਤ ਰਾਸ਼ਟਰ ਨੇ ਆਪਣੀ ਵੈਬਸਾਈਟ 'ਤੇ ਲਿਖਿਆ ਹੈ. “ਜੇ ਅਸੀਂ ਇਨ੍ਹਾਂ ਵਿੱਚੋਂ ਕਿਸੇ ਵੀ ਕਦਰ ਨੂੰ ਅਣਦੇਖਾ ਕਰ ਦਿੰਦੇ ਹਾਂ, ਤਾਂ ਅਸੀਂ ਇਸ ਸੀਮਤ, ਬਦਲੇ ਜਾਣ ਵਾਲੇ ਸਰੋਤ ਦਾ ਪ੍ਰਬੰਧਨ ਕਰਨ ਦਾ ਜੋਖਮ ਲੈਂਦੇ ਹਾਂ।

ਵਿਸ਼ਵ ਜਲ ਦਿਵਸ ਮਨਾਉਣ ਦਾ ਮੁੱਖ ਉਦੇਸ਼ ਵਿਸ਼ਵ ਦੇ ਸਾਰੇ ਵਿਕਸਿਤ ਦੇਸ਼ਾਂ ਵਿਚ ਸਾਫ ਅਤੇ ਸੁਰੱਖਿਅਤ ਜਲ ਦੀ ਉਪਲਭਧਤਾ ਨੂੰ ਯਕੀਨੀ ਬਣਾਉਣਾ ਹੈ। ਸੰਯੁਕਤ ਰਾਸ਼ਟਰ ਨੇ ਸਾਲ 1993 ਵਿਚ ਇਕ ਆਮ ਸਭਾ ਦੇ ਮਾਧਿਅਮ ਰਾਹੀਂ ਇਸ ਦਿਨ ਨੂੰ ਸਲਾਨਾ ਪ੍ਰੋਗਰਾਮ ਦੇ ਰੂਪ ਵਿਚ ਮਨਾਉਣ ਦਾ ਫੈਸਲਾ ਕੀਤਾ ਸੀ। ਇਸ ਮੁਹਿੰਮ ਵਿਚ ਲੋਕਾਂ ਦੀ ਜਾਗਰੂਕਤਾ ਵਧਾਉਣ ਲਈ ਜਲ ਦੇ ਮਹੱਤਵ ਦੀ ਜ਼ਰੂਰਤ ਅਤੇ ਪਾਣੀ ਦੀ ਸੰਭਾਲ ਵਾਰੇ ਸਮਝਾਉਣ ਲਈ ਹਰ ਸਾਲ 22 ਮਾਰਚ ਨੂੰ ਵਿਸ਼ਵ ਜਲ ਦਿਵਸ ਮਨਾਇਆ ਜਾਣ ਲੱਗਾ।

ਜਦੋਂ ਸੰਯੁਕਤ ਰਾਸ਼ਟਰ ਵੱਲੋਂ 2015 ਵਿਚ 2030 ਏਜੰਡਾ ਅਪਣਾਇਆ ਗਿਆ ਸੀ, ਤਾਂ ਉਸ ਸਮੇਂ ਸਾਰੇ ਦੇਸ਼ਾਂ ਨੇ ਇਹ ਨਿਰਧਾਰਿਤ ਕੀਤਾ ਸੀ ਕਿ ਦੁਨੀਆ ਨੂੰ ਗਰੀਬੀ, ਭੁੱਖਮਰੀ ਅਤੇ ਬਿਮਾਰੀਆਂ ਤੋਂ ਮੁਕਤ ਕੀਤਾ ਜਾਵੇ। ਇਕ ਅਜਿਹੀ ਦੁਨੀਆ ਦੀ ਸਿਰਜਣਾ ਕੀਤੀ ਜਾਵੇ ਜਿਸ ਵਿਚ ਕੋਈ ਵੀ ਪਿੱਛੇ ਨਾ ਰਹੇ।

ਵਿਸ਼ਵ ਜਲ ਦਿਵਸ ਸਮੇਂ ਵਿਸ਼ਵ ਦੀਆਂ ਚੁਣੌਤੀਆਂ ਜਿਵੇਂ ਗਰੀਬੀ, ਭੇਦਭਾਵ, ਕੁਦਰਤੀ ਆਫਤਾ, ਮਨੁੱਖਤਾ ਦਾ ਸੰਕਟ ਅਤੇ ਜਬਰਦਸੀ ਵਿਸਥਾਪਨ ਆਦਿ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਅੱਗੇ ਲੈ ਕੇ ਆਉਣਾ ਵੀ ਇਸ ਦਿਵਸ ਦਾ ਮੁੱਖ ਉਦੇਸ਼ ਹੈ। ਅਤੇ ਪਾਣੀ, ਸਫਾਈ ਅਤੇ ਸਥਾਈ ਜਲ ਪ੍ਰਬੰਧਨ ਵੀ ਬਦਲਾਅ ਲਿਆ ਸਕਦੇ ਹਨ। ਸਭ ਲਈ ਪਾਣੀ ਦਾ ਭਾਵ ਬਜ਼ੁਰਗਾਂ ਲਈ, ਅਪਾਹਿਜਾਂ ਲਈ, ਹਾਸ਼ੀਏ ‘ਤੇ ਰਹਿ ਰਹੇ ਲੋਕਾਂ ਲਈ, ਗਰੀਬਾਂ ਲਈ ਸਾਫ ਪਾਣੀ ਦੀ ਉਪਲਭਧਤਾ ਹੈ।

ਧਰਤੀ ਦੀ ਸਤਿਹ ‘ਤੇ ਲਗਭਗ 71 ਪ੍ਰਤੀਸ਼ਤ ਭਾਗ ਪਾਣੀ ਹੈ ਅਤੇ ਇਸ ਵਿਚ 96.5 ਪ੍ਰਤੀਸ਼ਤ ਹਿੱਸੇ ਵਿਚ ਮਹਾਸਾਗਰਾਂ ਦਾ ਜਲ ਹੈ, ਪਰ ਇਸਦੇ ਬਾਵਜੂਦ ਅੱਜ ਦੇਸ਼ ਦਾ 50 ਪ੍ਰਤੀਸ਼ਤ ਹਿੱਸਾ ਸੋਕੇ ਨਾਲ ਪ੍ਰਭਾਵਿਤ ਹੋ ਗਿਆ ਹੈ। ਜੇਕਰ ਅਸੀਂ ਵਿਸ਼ਵ ਦੀ ਗੱਲ ਕਰੀਏ ਤਾਂ ਤਕਰੀਬਨ 400 ਕਰੋੜ ਲੋਕਾਂ ਨੂੰ ਪਾਣੀ ਨਹੀਂ ਮਿਲ ਰਿਹਾ, ਜਿਸ ਵਿਚ 100 ਕਰੋੜ ਅਬਾਦੀ ਕੇਵਲ ਭਾਰਤ ਦੀ ਹੀ ਹੈ।

‘ਵਾਟਰ ਏਡ’ ਦੀ ਰਿਪੋਰਟ ਅਨੁਸਾਰ ਅਸੀਂ ਧਰਤੀ ਹੇਠਲੇ ਪਾਣੀ ਦਾ ਕੇਵਲ 24 ਪ੍ਰਤੀਸ਼ਤ ਹਿੱਸਾ ਹੀ ਇਸਤੇਮਾਲ ਕਰਦੇ ਹਾਂ। ਉੱਥੇ ਹੀ ਜੇਕਰ ਯੂਐਸਏਡ ਦੀ ਰਿਪੋਰਟ ਦੀ ਗੱਲ ਕਰੀਏ ਤਾਂ ਸਾਲ 2020 ਵਿਚ ਭਾਰਤ ਅਜਿਹੇ ਦੇਸ਼ਾਂ ਦੀ ਲਿਸਟ ਵਿਚ ਸ਼ਾਮਿਲ ਹੋ ਜਾਵੇਗਾ, ਜੋ ਜਲ ਸੰਕਟ ਦੇ ਸ਼ਿਕਾਰ ਹਨ।

ਜਿਸ ਕਰਕੇ ਪਾਣੀ ਦਾ ਸਾਡੇ ਜੀਵਨ ਵਿਚ ਬਹੁਤ ਮਹੱਤਵ ਹੈ . ਪਾਣੀ ਦੇ ਮਹੱਤਵ ਨੂੰ ਸਮਝਦੇ ਹੋਏ ਪਾਣੀ ਦੀ ਵਰਤੋਂ ਲੋੜ ਅਨੁਸਾਰ ਹੀ ਕਰਨੀ ਚਾਹੀਦੀ ਹੈ . ਪਾਣੀ ਨੂੰ ਕਦੇ ਵੀ ਵਿਅਰਥ ਨਹੀਂ ਗੁਆਉਣਾ ਚਾਹੀਦਾ, ਕਿਉਂਕਿ ਪਾਣੀ ਬਹੁਤ ਕੀਮਤੀ ਚੀਜ਼ ਹੈ . ਕਈ ਵਾਰ ਬੰਦਾ ਇਕ-ਇਕ ਬੂੰਦ ਨੂੰ ਵੀ ਤਰਸ ਜਾਂਦਾ ਹੈ। ਪਾਣੀ ਦੀ ਗੁਣਵਤਾ ਸੁਧਾਰਨ ਲਈ ਹਰ ਇਨਸਾਨ ਪਹਿਲ ਕਰ ਸਕਦਾ ਹੈ। ਲੋਕਾਂ ਨੂੰ ਪਾਣੀ ਦੀ ਗੁਣਵਤਾ ਅਤੇ ਸਿਹਤ ਦੇ ਵਿਸ਼ੇ ਤੇ ਜਾਗਰੂਕ ਕੀਤਾ ਜਾ ਸਕਦਾ ਹੈ। ਪਾਣੀ ਦੀ ਸੰਭਾਲ ਲਈ ਰੋਜ਼ਾਨਾ ਜਿੰਦਗੀ ਵਿਚ ਪਾਣੀ ਦੀ ਸੰਭਾਲ ਕਰਨੀ ਬਹੁਤ ਜਰੂਰੀ ਹੈ। ਪਾਣੀ ਦੀ ਬੱਚਤ ਲਈ ਮੀਂਹ ਦੇ ਪਾਣੀ ਦੀ ਸੰਭਾਲ ਵੀ ਜਰੂਰੀ ਹੈ। ਇਸ ਲਈ ਅਸੀਂ ਬਾਰਿਸ਼ ਦੇ ਪਾਣੀ ਨੂੰ ਜਮਾਂ ਕਰਕੇ ਉਸਦੀ ਖੇਤੀ ਲਈ ਵਰਤੋ ਕੀਤੀ ਜਾ ਸਕਦੀ ਹੈ।

ਪਾਣੀ ਦੇ ਸੋਮਿਆਂ ਵਿੱਚ ਵਧਦੇ ਪ੍ਰਦੂਸ਼ਣ ਨੂੰ ਰੋਕਣ ਲਈ ਅਤੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਬਿਨਾਂ ਕਿਸੇ ਦੇਰੀ ਦੇ ਵਿਸ਼ੇਸ਼ ਯਤਨ ਕੀਤੇ ਜਾਣ ਦੀ ਸਖ਼ਤ ਜਰੂਰਤ ਹੈ।ਇਸ ਸੰਕਟ ਦੇ ਹੱਲ ਲਈ ਸਮਾਜ ਅਤੇ ਸਰਕਾਰ ਦੋਵਾਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਪਾਣੀ ਦੀ ਬੱਚਤ ਅਤੇ ਉਪਯੋਗ ਸਬੰਧੀ ਵਿਸ਼ੇਸ਼ ਸਿੱਖਿਆ ਅਤੇ ਟ੍ਰੇਨਿੰਗ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ ।

ਇਸ ਦੇ ਨਾਲ ਡਾਰਕ ਜ਼ੋਨ ਖੇਤਰਾਂ ਵਿੱਚ ਵਿਸ਼ੇਸ਼ ਲਾਕਡਾਊਨ ਅਤੇ ਐਮਰਜੈਂਸੀ ਦੀ ਤੁਰੰਤ ਜ਼ਰੂਰਤ ਹੈ, ਤਾਂ ਹੀ ਸਾਡੀਆਂ ਆਉਣ ਵਾਲੀਆਂ ਨਸਲਾਂ ਇਸ ਕੁਦਰਤੀ ਅਨਮੋਲ ਤੋਹਫ਼ੇ ਦਾ ਅਨੰਦ ਮਾਣ ਸਕਣਗੀਆਂ ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Sajandeep Singh |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



# ਲੌਕਡਾਊਨ ਦੇ ਦੋ ਸਾਲ ਬਾਅਦ ਵੀ ਮੁਸੀਬਤਾਂ ਬਰਕਰਾਰ ਹਨ

-ਵਿਜੈ ਗਰਗ-

ਹੁਣ ਤੋਂ ਇੱਕ ਦਿਨ ਬਾਅਦ, ਭਾਰਤ ਲੌਕਡਾਊਨ ਦੇ ਦੋ ਸਾਲ ਪੂਰੇ ਕਰੇਗਾ। 22 ਮਾਰਚ ਨੂੰ ਜਨਤਾ ਕਰਫਿਊ ਲਗਾਇਆ ਗਿਆ ਸੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 24 ਮਾਰਚ ਨੂੰ ਰਾਤ 8 ਵਜੇ ਦੇਸ਼ ਨੂੰ ਸੰਦੇਸ਼ ਦਿੱਤਾ ਸੀ। ਉਨ੍ਹਾਂ ਕਿਹਾ, 'ਭਾਰਤ ਨੂੰ ਬਚਾਉਣ ਲਈ, ਭਾਰਤ ਦੇ ਹਰ ਨਾਗਰਿਕ ਨੂੰ ਬਚਾਉਣ ਲਈ... ਅੱਜ ਰਾਤ 12 ਵਜੇ ਤੋਂ ਘਰੋਂ ਬਾਹਰ ਨਿਕਲਣ 'ਤੇ ਪੂਰਨ ਪਾਬੰਦੀ ਹੈ।" ਪ੍ਰਧਾਨ ਮੰਤਰੀ ਨੂੰ ਪਤਾ ਸੀ ਕਿ ਇਹ ਕਦਮ ਮਹਿੰਗਾ ਪੈਣਾ ਹੈ। . ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਨੂੰ ਇਸ ਲੌਕਡਾਊਨ ਦੀ ਆਰਥਿਕ ਕੀਮਤ ਚੁਕਾਉਣੀ ਪਵੇਗੀ, ਪਰ ਉਸ ਸਮੇਂ ਦੇਸ਼ ਦੇ ਲੋਕਾਂ ਨੂੰ ਬਚਾਉਣਾ ਵੱਡੀ ਤਰਜੀਹ ਸੀ। ਹਾਲਾਂਕਿ, ਅੱਜ ਇਹ ਕਹਿਣਾ ਬਹੁਤ ਮੁਸ਼ਕਲ ਹੈ ਕਿ ਕਿਸੇ ਨੂੰ ਵੀ ਅੰਦਾਜ਼ਾ ਸੀ ਕਿ ਇਹ ਕਦਮ ਕਿੰਨਾ ਮਹਿੰਗਾ ਹੋਣ ਵਾਲਾ ਹੈ।

ਪ੍ਰਧਾਨ ਮੰਤਰੀ ਦਾ ਇਹ ਐਲਾਨ ਵੀ ਖਤਮ ਨਹੀਂ ਹੋਇਆ ਸੀ ਕਿ ਹਰ ਸ਼ਹਿਰ ਦੀਆਂ ਗਲੀਆਂ-ਬਾਜ਼ਾਰਾਂ ਵਿੱਚ ਭਾਜੜ ਮੱਚ ਗਈ। ਲੋਕ ਸਾਰੀਆਂ ਦੁਕਾਨਾਂ ਖਰੀਦਣ ਅਤੇ ਆਪਣੇ ਘਰ ਭਰਨ ਵਿੱਚ ਰੁੱਝੇ ਹੋਏ ਸਨ, ਕਿਉਂਕਿ ਉਨ੍ਹਾਂ ਕੋਲ ਚਾਰ ਘੰਟੇ ਤੋਂ ਵੀ ਘੱਟ ਸਮਾਂ ਬਚਿਆ ਸੀ ਅਤੇ ਕਿਸੇ ਨੂੰ ਨਹੀਂ ਪਤਾ ਸੀ ਕਿ ਉਸ ਤੋਂ ਬਾਅਦ ਕੀ ਹੋਵੇਗਾ। ਬਾਅਦ 'ਚ ਜਦੋਂ ਅੰਕੜੇ ਆਏ ਤਾਂ ਪਤਾ ਲੱਗਾ ਕਿ ਇਨ੍ਹਾਂ ਚਾਰ ਘੰਟਿਆਂ ਕਾਰਨ ਮਾਰਚ ਦੇ ਆਖਰੀ ਹਫਤੇ 'ਚ ਰੋਜ਼ਮਰ੍ਹਾ ਦੀਆਂ ਚੀਜ਼ਾਂ ਦੀ ਖਪਤ 'ਚ 80 ਫੀਸਦੀ ਦਾ ਵਾਧਾ ਹੋਇਆ ਹੈ। ਅਤੇ, ਅਗਲੇ ਹਫਤੇ, ਵਿਕਰੀ ਲਗਭਗ 47 ਪ੍ਰਤੀਸ਼ਤ ਘਟ ਗਈ. ਹਾਲਾਂਕਿ, ਉਸ ਤੋਂ ਬਾਅਦ, ਅਪ੍ਰੈਲ ਦੇ ਤੀਜੇ ਹਫ਼ਤੇ ਵਿੱਚ ਇੱਕ ਵਾਰ ਫਿਰ ਖਪਤ ਵਧੀ ਅਤੇ ਜਦੋਂ ਸਰਕਾਰ ਨੇ ਲਾਕਡਾਊਨ ਵਧਾਉਣ ਦਾ ਐਲਾਨ ਕੀਤਾ, ਤਾਂ ਫਿਰ ਐਫਐਮਸੀਜੀ ਸਾਮਾਨ ਦੀ ਵਿਕਰੀ ਲਗਭਗ ਢਾਈ ਗੁਣਾ ਵਧ ਗਈ। ਪਰ ਇਸ ਖਰੀਦ-ਵੇਚ ਦਾ ਵੱਡਾ ਹਿੱਸਾ ਘਰਾਂ ਵਿੱਚ ਬੈਠ ਕੇ ਜਾਂ ਆਨਲਾਈਨ ਹੋ ਰਿਹਾ ਸੀ।

ਅੱਜ-ਕੱਲ੍ਹ ਫਿਟਨੈੱਸ ਦਾ ਧਿਆਨ ਰੱਖਣ ਵਾਲੇ ਜ਼ਿਆਦਾਤਰ ਲੋਕ ਇਸ ਗੱਲ 'ਤੇ ਨਜ਼ਰ ਰੱਖਦੇ ਹਨ ਕਿ ਉਹ ਦਿਨ 'ਚ ਕਿੰਨੇ ਕਦਮ ਤੁਰਦੇ ਹਨ। ਇਸ ਨੂੰ ਮਾਪਣ ਲਈ ਮੋਬਾਈਲ ਐਪਸ ਹਨ ਅਤੇ ਇੱਕ ਵੱਖਰਾ ਫਿਟਨੈਸ ਬੈਂਡ ਜਾਂ ਗਤੀਵਿਧੀ ਟਰੈਕਰ ਵੀ ਹੈ। ਅਜਿਹੇ ਹੀ ਇੱਕ ਐਕਟੀਵਿਟੀ ਟ੍ਰੈਕਰ ਚਲਾਉਣ ਵਾਲੀ ਇੱਕ ਕੰਪਨੀ ਨੇ ਡਾਟਾ ਜਾਰੀ ਕੀਤਾ ਹੈ ਕਿ ਵੱਡੇ ਲਾਕਡਾਊਨ ਦੇ ਪਹਿਲੇ 15 ਦਿਨਾਂ ਵਿੱਚ ਦੇਸ਼ ਵਿੱਚ ਪੈਦਲ ਚੱਲਣ



ਵਾਲੇ ਲੋਕਾਂ ਦੀ ਗਿਣਤੀ ਵਿੱਚ 62 ਫੀਸਦੀ ਦੀ ਗਿਰਾਵਟ ਆਈ ਹੈ, ਯਾਨੀ ਕਿ ਕਦਮ ਰੁਕੇ ਹੋਏ ਹਨ।

ਪਰ ਇਹ ਗਤੀਵਿਧੀ ਟ੍ਰੈਕਰ ਦੇਸ਼ ਦੀ ਪੂਰੀ ਤਸਵੀਰ ਨਹੀਂ ਦਿਖਾ ਰਹੇ ਸਨ। ਇਹ ਦਰਸਾਉਂਦਾ ਹੈ ਕਿ, ਲਾਕਡਾਊਨ ਦੀ ਸ਼ੁਰੂਆਤ ਦੇ ਨਾਲ, ਦੇਸ਼ ਦੀ ਔਸਤ ਕਦਮ ਗਿਣਤੀ ਕਈ ਗੁਣਾ ਹੋ ਜਾਵੇਗੀ। ਲੌਕਡਾਊਨ ਦੇ ਪਹਿਲੇ ਦਿਨ ਮੁੰਬਈ ਅਤੇ ਦਿੱਲੀ ਦੇ ਰੇਲਵੇ ਸਟੇਸ਼ਨਾਂ ਅਤੇ ਬੱਸ ਸਟੈਂਡਾਂ 'ਤੇ ਇਸ ਦੀ ਗੂੰਜ ਦੇਖਣ ਨੂੰ ਮਿਲੀ, ਫਿਰ ਅਗਲੇ ਕੁਝ ਦਿਨਾਂ 'ਚ ਲੱਖਾਂ ਲੋਕ ਦੇਸ਼ ਭਰ ਦੇ ਹਾਈਵੇਅ 'ਤੇ ਪੈਦਲ, ਸਾਈਕਲ, ਰਿਕਸ਼ਾ ਅਤੇ ਟੈਂਪੋ ਜਾਂ ਛੋਟੇ ਵਾਹਨਾਂ 'ਤੇ ਸਫਰ ਕਰਨ ਲੱਗੇ। . ਵਿਸ਼ਵ ਬੈਂਕ ਦਾ ਅੰਦਾਜ਼ਾ ਹੈ ਕਿ ਲਗਭਗ 40 ਮਿਲੀਅਨ ਲੋਕ ਇਸ ਤਰੀਕੇ ਨਾਲ ਸ਼ਹਿਰ ਤੋਂ ਪਿੰਡ ਭਟਕਦੇ ਸਨ। ਇਨ੍ਹਾਂ ਵਿੱਚੋਂ ਕਈਆਂ ਨੇ ਸੈਂਕੜੇ ਕਿਲੋਮੀਟਰ ਦਾ ਸਫ਼ਰ ਤੈਅ ਕੀਤਾ, ਜਦੋਂ ਕਿ ਕਈਆਂ ਨੇ ਹਜ਼ਾਰਾਂ ਕਿਲੋਮੀਟਰ ਪੈਦਲ ਜਾਂ ਸਾਈਕਲ ਰਾਹੀਂ ਸਫ਼ਰ ਕੀਤਾ।

ਇਸ ਕਹਾਣੀ ਦਾ ਦੂਸਰਾ ਪੱਖ ਵੀ ਘੱਟ ਦਰਦਨਾਕ ਨਹੀਂ ਹੈ। ਵੱਡੇ ਸ਼ਹਿਰਾਂ ਅਤੇ ਉਦਯੋਗਿਕ ਖੇਤਰਾਂ ਵਿੱਚ ਹਰ ਤਰ੍ਹਾਂ ਦੇ ਕਾਰੋਬਾਰ ਬੰਦ ਹੋਣ ਨਾਲ ਉਨ੍ਹਾਂ ਦੀ ਕਮਾਈ 'ਤੇ ਸਿੱਧਾ ਅਸਰ ਪਿਆ। ਵੱਡੀਆਂ ਕੰਪਨੀਆਂ ਨੂੰ ਕਾਫੀ ਨੁਕਸਾਨ ਹੋਇਆ ਹੈ। ਹਾਲਾਂਕਿ ਕਈ ਥਾਵਾਂ 'ਤੇ ਇੱਕੋ ਸਮੇਂ ਤਨਖਾਹਾਂ ਵਿੱਚ ਕਟੌਤੀ ਅਤੇ ਛਾਂਟੀ ਕੀਤੀ ਗਈ ਸੀ, ਪਰ ਕੁੱਲ ਟਰਨਓਵਰ ਦੇ ਮੁਕਾਬਲੇ ਇਹ ਬਹੁਤ ਘੱਟ ਸੀ। ਫਿਰ ਵੱਡੀਆਂ ਕੰਪਨੀਆਂ ਦਾ ਕੰਮ ਵੀ ਪਟੜੀ ਤੋਂ ਉਤਰ ਗਿਆ ਕਿਉਂਕਿ ਉਨ੍ਹਾਂ ਨੇ ਤੇਜ਼ੀ ਨਾਲ ‘ਵਰਕ ਫਰਾਮ ਹੋਮ’ ਸ਼ੁਰੂ ਕਰ ਦਿੱਤਾ। ਪਰ ਛੋਟੇ ਅਤੇ ਦਰਮਿਆਨੇ ਪੱਧਰ ਦੇ ਕਾਰੋਬਾਰੀਆਂ ਲਈ ਇਹ ਤਰੀਕਾ ਨਹੀਂ ਸੀ। ਕੁਝ ਜ਼ਰੂਰੀ ਚੀਜ਼ਾਂ ਨੂੰ ਛੱਡ ਕੇ ਬਾਕੀ ਦੁਕਾਨਾਂ ਦੇ ਸ਼ਟਰ ਬੰਦ ਸਨ, ਜੋ ਮਹੀਨਿਆਂ ਤੋਂ ਨਹੀਂ ਖੁੱਲ੍ਹੇ। ਜ਼ਾਹਿਰ ਹੈ ਕਿ ਉਹ ਕਦੋਂ ਤੱਕ ਅਤੇ ਕਿਵੇਂ ਉਨ੍ਹਾਂ ਸਟਾਫ਼ ਨੂੰ ਤਨਖ਼ਾਹਾਂ ਦਿੰਦੇ ਰਹਿਣਗੇ ਜੋ ਖ਼ੁਦ ਨਹੀਂ ਕਮਾਉਂਦੇ? ਲੌਕਡਾਊਨ ਸ਼ੁਰੂ ਹੁੰਦੇ ਹੀ ਪਲ ਭਰ ਵਿੱਚ 12 ਕਰੋੜ ਲੋਕ ਬੇਰੁਜ਼ਗਾਰ ਹੋ ਗਏ।

ਇੱਕ ਸਾਲ ਬਾਅਦ ਸਥਿਤੀ ਵਿੱਚ ਸੁਧਾਰ ਦੀ ਉਮੀਦ ਸੀ ਕਿ ਕੋਰੋਨਾ ਦੀ ਦੂਜੀ ਅਤੇ ਤੀਜੀ ਲਹਿਰ ਨੇ ਇੱਕ ਵਾਰ ਫਿਰ ਤਬਾਹੀ ਮਚਾਈ। ਜੇਕਰ ਸਰਕਾਰੀ ਅੰਕੜਿਆਂ ਦੀ ਮੰਨੀਏ ਤਾਂ ਭਾਰਤ ਵਿੱਚ 23 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਚਲੇ ਗਏ ਹਨ। ਆਜ਼ਾਦੀ ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਗਰੀਬਾਂ ਦੀ ਗਿਣਤੀ ਘਟਣ ਦੀ ਬਜਾਏ ਵਧ ਰਹੀ ਹੈ।


ਲੌਕਡਾਊਨ ਦਾ ਸਭ ਤੋਂ ਵੱਡਾ ਹਾਰਨ ਵਾਲਾ ਕੌਣ ਸੀ? ਇਸ ਦੇ ਜਵਾਬ ਵਿੱਚ ਹੋਟਲਾਂ, ਰੈਸਟੋਰੈਂਟਾਂ, ਏਅਰਲਾਈਨਾਂ, ਟੂਰਿਜ਼ਮ, ਜਿੰਮ, ਛੋਟੇ ਕਾਰੋਬਾਰੀਆਂ ਅਤੇ ਦੁਕਾਨਦਾਰਾਂ ਆਦਿ ਦੇ ਨਾਂ ਖੰਭ ਲਾ ਦਿੱਤੇ। ਹੈਰਾਨੀ ਦੀ ਗੱਲ ਹੈ ਕਿ ਦਸਤਕਾਰੀ ਦੇ ਕਾਰੋਬਾਰ ਨਾਲ ਜੁੜੇ ਇਨ੍ਹਾਂ ਲੋਕਾਂ ਦੀ ਗਿਣਤੀ ਦਾ ਕੋਈ ਪੱਕਾ ਅੰਕੜਾ ਨਹੀਂ ਹੈ। ਵੱਖ-ਵੱਖ ਅਧਿਐਨਾਂ ਵਿਚ ਇਨ੍ਹਾਂ ਦੀ ਗਿਣਤੀ 70 ਲੱਖ ਤੋਂ 20 ਕਰੋੜ ਦੱਸੀ ਜਾਂਦੀ ਹੈ। ਕੋਰੋਨਾ ਨੇ ਇਨ੍ਹਾਂ 'ਚੋਂ ਘੱਟੋ-ਘੱਟ 40 ਫੀਸਦੀ ਲੋਕਾਂ ਨੂੰ ਕੰਮ ਛੱਡਣ ਲਈ ਮਜ਼ਬੂਰ ਕੀਤਾ ਅਤੇ 20 ਫੀਸਦੀ ਤੋਂ ਵੱਧ ਲੋਕਾਂ ਦੀ ਸਾਲਾਨਾ ਆਮਦਨ ਦਾ ਸਿਰਫ ਚੌਥਾਈ ਹਿੱਸਾ ਹੀ ਰਹਿ ਗਿਆ।

ਦੂਜੇ ਪਾਸੇ ਰੋਜ਼ਗਾਰ ਦੇ ਤਾਜ਼ਾ ਅੰਕੜੇ ਇਹ ਵੀ ਦਰਸਾ ਰਹੇ ਹਨ ਕਿ ਨੌਜਵਾਨਾਂ ਦੇ ਦੁਖੀ ਦਿਨ ਅਜੇ ਖਤਮ ਨਹੀਂ ਹੋਏ। ਜਿਵੇਂ ਹੀ ਕੋਰੋਨਾ ਪੀਰੀਅਡ ਦਾ ਪਹਿਲਾ ਲਾਕਡਾਊਨ ਸ਼ੁਰੂ ਹੋਇਆ, ਅਪ੍ਰੈਲ ਅਤੇ ਜੂਨ 2020 ਦੇ ਵਿਚਕਾਰ, 30 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ ਲਗਭਗ 35 ਪ੍ਰਤੀਸ਼ਤ ਤੱਕ ਪਹੁੰਚ ਗਈ। ਇਸ ਤੋਂ ਬਾਅਦ ਇਸ 'ਚ ਲਗਾਤਾਰ ਸੁਧਾਰ ਹੋ ਰਿਹਾ ਸੀ, ਹਾਲਾਂਕਿ ਇਹ ਕਦੇ ਵੀ 20 ਫੀਸਦੀ ਤੋਂ ਹੇਠਾਂ ਨਹੀਂ ਗਿਆ। ਪਰ ਕੋਰੋਨਾ ਦੀ ਦੂਜੀ ਲਹਿਰ ਯਾਨੀ ਪਿਛਲੇ ਸਾਲ ਅਪ੍ਰੈਲ ਤੋਂ ਜੂਨ ਦੇ ਵਿਚਕਾਰ ਆਉਣ ਤੋਂ ਬਾਅਦ ਇਹ ਫਿਰ ਤੋਂ 25.9 ਫੀਸਦੀ 'ਤੇ ਪਹੁੰਚ ਗਿਆ ਹੈ। ਅਤੇ, ਇੱਥੇ ਵੀ, ਉਸੇ ਉਮਰ ਦੀਆਂ ਲੜਕੀਆਂ ਵਿੱਚ ਬੇਰੁਜ਼ਗਾਰੀ 31 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ।

ਬੇਰੁਜ਼ਗਾਰੀ ਅਤੇ ਆਮਦਨ ਦੀ ਘਾਟ ਨਾਲ ਜੂਝ ਰਹੇ ਲੋਕ ਹੁਣ ਮਹਿੰਗਾਈ ਦੀ ਮਾਰ ਝੱਲ ਰਹੇ ਹਨ। ਖਾਸ ਕਰਕੇ, ਯੂਕਰੇਨ ਸੰਕਟ ਦੇ ਬਾਅਦ ਤੇਲ ਦੀ ਕੀਮਤ ਦਿੱਤੀ. ਫਿਲਹਾਲ ਭਾਰਤ ਨੂੰ ਰੂਸ ਤੋਂ ਸਸਤਾ ਤੇਲ ਮਿਲਣ ਦੀ ਉਮੀਦ ਹੈ, ਫਿਰ ਵੀ ਕੱਚੇ ਤੇਲ ਦੀਆਂ ਕੀਮਤਾਂ ਸਰਕਾਰ ਦੇ ਅਨੁਮਾਨ ਤੋਂ ਕਿਤੇ ਵੱਧ ਹਨ। ਮਹਿੰਗਾਈ ਆਮ ਖਰੀਦਦਾਰ ਤੱਕ ਕਿਵੇਂ ਪਹੁੰਚੇਗੀ ਇਹ ਸਿਰਫ ਥੋਕ ਅਤੇ ਪ੍ਰਚੂਨ ਸੂਚਕਾਂਕ ਵਿੱਚ ਹੀ ਨਹੀਂ ਪ੍ਰਤੀਬਿੰਬਤ ਹੁੰਦਾ ਹੈ। ਸਰ੍ਹੋਂ ਦੇ ਤੇਲ ਤੋਂ ਲੈ ਕੇ ਬਿਸਕੁਟ ਦੇ ਪੈਕੇਟ ਤੱਕ ਹਰ ਚੀਜ਼ ਦੀ ਕੀਮਤ ਵਧ ਰਹੀ ਹੈ। ਯਾਨੀ ਜੇਬ 'ਤੇ ਬੋਝ ਵਧ ਰਿਹਾ ਹੈ, ਪਰ ਜੇਬ ਕਿਵੇਂ ਭਰੀ ਜਾਵੇਗੀ, ਇਸ ਦਾ ਪ੍ਰਬੰਧ ਨਜ਼ਰ ਨਹੀਂ ਆ ਰਿਹਾ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਚਾਨਣ ਦੀ ਕਿਰਨ

ਦਰਸ਼ਨ ਸਿੰਘ

ਜ਼ਿੰਦਗੀ ਦੁੱਖ-ਸੁੱਖ ਦਾ ਸੁਮੇਲ ਹੈ। ਇੱਕ ਦੂਜੇ ਦੇ ਦੁੱਖ ਵਿੱਚ ਪ੍ਰਗਟਾਈਆਂ ਹਮਦਰਦੀਆਂ ਦੇ ਪਲ ਉਮਰ ਭਰ ਲਈ ਕਈ ਵੱਡੀਆਂ ਸਾਂਝਾਂ ਪੈਦਾ ਕਰ ਦਿੰਦੇ ਹਨ। ਮਨੁੱਖ ਸਮਾਜਕ ਪ੍ਰਾਣੀ ਹੈ ਅਤੇ ਜ਼ਿੰਦਗੀ ਦੀ ਸੁਖਾਵੀਂ ਤੋਰ ਲਈ ਇੱਕ ਦੂਜੇ ਦੇ ਆਸਰਿਆਂ ਅਤੇ ਸਹਾਰਿਆਂ ਦੀ ਲੋੜ ਕਦੀ ਨਾ ਕਦੀ ਪੈਂਦੀ ਹੈ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਭਾਵੇਂ ਮਨੁੱਖੀ ਸੁਭਾਅ ਵਿੱਚ ਕਈ ਬਦਲਾਓ ਆਏ ਹਨ, ਮਨਾਂ ਵਿੱਚ ਇੱਕ ਦੂਜੇ ਲਈ ਦੂਰੀਆਂ, ਫਾਸਲੇ ਤੇ ਡੂੰਘੇ ਹਨੇਰੇ ਹਨ, ਪਰ ਸਾਂਝਾਂ ਤੇ ਹਮਦਰਦੀਆਂ ਦੇ ਚਾਨਣ ਵੀ ਹਨ।ਪਤਾ ਹੀ ਨਹੀਂ ਲੱਗਦਾ, ਕਦੋਂ ਚਾਨਣ ਦੀਆਂ ਇਹ ਲਕੀਰਾਂ ਜ਼ਿੰਦਗੀ ਵਿੱਚ ਦਾਖਲ ਹੋ ਕੇ ਇਸ ਨੂੰ ਸੁਖਾਵੇਂ ਮੋੜ ਦੇ ਦਿੰਦੀਆਂ ਹਨ। ਯਾਦ ਕਰਦਾ ਹਾਂ ਉਹ ਪਲ ਜਦੋਂ ਮੇਰੀ ਪਤਨੀ ਦੀ ਤਬੀਅਤ ਵਿੱਚ ਕੁਝ ਵਿਗਾੜ ਆਉਣ ਲੱਗੇ ਸਨ।

''ਕੀ ਗੱਲ ਆਂਟੀ ਜੀ, ਧੁੱਪੇ ਬੈਠੇ ਓ?'' ਗਲੀ ਗੁਆਂਢ ਦੇ ਕਈ ਘਰਾਂ ਵਿੱਚ ਕੰਮ ਕਰਦੀ ਵੀਹ ਕੁ ਸਾਲ ਦੀ ਕੁੜੀ ਨੇ ਮੇਰੀ ਪਤਨੀ ਕੋਲੋਂ ਲੰਘਦਿਆਂ ਕਿਹਾ।

''ਸਿਹਤ ਠੀਕ ਨਹੀਂ।'' ਸੰਖੇਪ ਜਿਹਾ ਉੱਤਰ ਮੇਰੀ ਪਤਨੀ ਦਾ ਸੀ। ਵੈਸੇ ਵੀ ਇਹ ਕੁੜੀ ਆਉਂਦੇ ਜਾਂਦੇ ਕੋਈ ਨਾ ਕੋਈ ਗੱਲ ਛੋਹ ਲੈਂਦੀ। ਇਸੇ ਕੁੜੀ ਨੂੰ ਘਰ ਕੰਮ ਕਰਨ ਲਈ ਮੇਰੀ ਪਤਨੀ ਨੇ ਕਈ ਵਾਰ ਕਿਹਾ ਵੀ ਸੀ, ਪਰ ਉਹ ਹਮੇਸ਼ਾ ਆਖਦੀ, ''ਕੋਸ਼ਿਸ਼ ਕਰਾਂਗੀ ਆਂਟੀ ਜੀ। ਕੰਮ ਦਾ ਬੋਝ ਪਹਿਲੋਂ ਹੀ ਬਹੁਤ ਹੈ।'' ਪਤਾ ਨਹੀਂ ਕਿਹੜੀ ਦਿਆਲਤਾ ਤੇ ਤਰਸ ਨੇ ਉਸ ਦੀਆਂ ਸੋਚਾਂ ਨੂੰ ਮੋੜ ਦਿੱਤਾ, ਇੱਕ ਦਿਨ ਉਸ ਨੇ ਆ ਕੇ ਕਿਹਾ, ''ਦੱਸੋ ਆਂਟੀ ਜੀ, ਕੀ ਕੰਮ ਕਰਨਾ ਹੈ?''

ਉਸ ਦਿਨ ਤੋਂ ਉਹ ਘਰ ਵਿੱਚ ਝਾੜੂ ਪੋਚਾ ਕਰਨ ਲੱਗੀ। ਦੋ ਕੁ ਮਹੀਨੇ ਉਸ ਨੇ ਕੰਮ ਕੀਤਾ ਸੀ ਕਿ ਮੇਰੀ ਪਤਨੀ ਗੁਜ਼ਰ ਗਈ। ਮੈਂ ਇਕੱਲਾ ਹੋ ਗਿਆ। ਬੱਚੇ ਦੂਰ ਦੁਰਾਡੇ ਆਪੋ ਆਪਣੀਆਂ ਨੌਕਰੀਆਂ ਉੱਤੇ ਸਨ। ਮੇਰੇ ਕੋਲ ਉਨ੍ਹਾਂ ਦਾ ਰਹਿਣਾ ਸੰਭਵ ਨਹੀਂ ਸੀ। ਜ਼ਖਮ ਹਾਲੀ ਸੱਜਰਾ ਹੋਣ ਕਰ ਕੇ ਰਿਸਦਾ ਵਧੇਰੇ ਸੀ। ਸੋਚਿਆ, ਉਨ੍ਹਾਂ ਕੋਲ ਚਲੇ ਜਾਵਾਂ। ਇਕੱਲ ਦਾ ਸੰਤਾਪ ਕਦੋਂ ਤੱਕ ਹੰਢਾਵਾਂਗਾ? ਕਦੋਂ ਤੱਕ ਖਾਲੀ ਹੋਏ ਘਰ ਦੀਆਂ ਛੱਤਾਂ ਵੱਲ ਦੇਖਦਾ ਰਹਾਂਗਾ? ਮਨ ਇੱਕ ਪਲ ਇਹ ਫੈਸਲਾ ਕਰਦਾ, ਪਰ ਦੂਜੇ ਪਲ ਕੋਈ ਹੋਰ ਸੋਚ ਇੱਥੋਂ ਜਾਣ ਦੇ ਮਨ ਦੇ ਫੈਸਲੇ ਨੂੰ ਮਹੀਨੇ ਦੋ ਮਹੀਨੇ ਲਈ ਟਾਲ ਦਿੰਦੀ। ਕੰਮ ਲਈ ਆਉਂਦੇ ਜਾਂਦੇ ਕੁੜੀ ਨੂੰ ਦੁਪਹਿਰ ਹੋ ਜਾਂਦੀ। ਮੈਨੂੰ ਉਦਾਸ ਬੈਠਾ ਦੇਖ ਕੇ ਆਖਦੀ, ''ਰੋਟੀ ਬਣਾ ਦਿਆਂ ਅੰਕਲ?'' ਮੇਰੀ ਪਤਨੀ ਦੇ ਗੁਜ਼ਰ ਜਾਣ ਪਿੱਛੋਂ ਇਹ ਹਮਦਰਦੀ ਭਰੇ ਬੋਲ ਇਸ ਕੁੜੀ ਦੇ ਮੂੰਹੋਂ ਹੀ ਮੈਂ ਸੁਣੇ ਸਨ।

ਉਸ ਦੇ ਸੁਭਾਅ ਤੋਂ ਮੈਂ ਚੰਗੀ ਤਰ੍ਹਾਂ ਵਾਕਿਫ ਹੋ ਗਿਆ ਸੀ। ਕਾਫੀ ਹੱਦ ਤੱਕ ਉਹ ਮੈਨੂੰ ਸਮਝ ਚੁੱਕੀ ਸੀ। ਮੀਂਹ ਕਣੀ ਜਾਂ ਬੇਤਹਾਸ਼ਾ ਗਰਮੀ ਹੁੰਦੀ ਤਾਂ ਖੁੱਲ੍ਹੇ ਵਿਹੜੇ ਵਿੱਚ ਕੰਮ ਕਰਨ ਤੋਂ ਮੈਂ ਰੋਕ ਦਿੰਦਾ। ''ਕੰਮ ਤਾਂ ਅੰਕਲ ਜੀ ਕਰਨਾ ਹੈ। ਮੀਂਹ ਧੁੱਪ ਦਾ ਕੀ ਐ? ਹੋਰ ਘਰਾਂ ਵਿੱਚ ਵੀ ਕਰਦੀ ਹਾਂ, ਇੱਥੇ ਕਿਉਂ ਨਾ ਕਰੋਂ?'' ਚਿਹਰੇ ਉੱਤੇ ਮੁਸਕਾਨ ਭਰਦਿਆਂ ਉਹ ਝਾੜੂ ਪੋਚਾ ਕਰਦੀ ਰਹਿੰਦੀ। ਵਿਹੜੇ ਵਿੱਚ ਬੈਠਾ ਮੈਂ ਅਖਬਾਰ ਪੜ੍ਹਨ ਲੱਗਦਾ। ਇੱਕ ਦਿਨ ਡੂੰਘੀ ਉਦਾਸੀ ਵਿੱਚ ਮੈਨੂੰ ਅੱਖਾਂ ਭਰੀ ਬੈਠੇ ਨੂੰ ਉਹਨੇ ਦੇਖਿਆ। ਝਾੜੂ ਪੋਚਾ ਵਿੱਚੇ ਛੱਡ ਕੇ ਮੇਰੇ ਕੋਲ ਖੜ੍ਹੋ ਗਈ। ''ਅੰਕਲ ਜੀ, ਕਦੋਂ ਤੱਕ ਇਉਂ ਉਦਾਸ ਰਹੋਗੇ? ਜਾਣਦੀ ਹਾਂ ਕਿ ਤੁਰ ਗਏ ਜੀਆਂ ਬਿਨਾਂ ਕੰਧਾਂ ਖਾਣ ਨੂੰ ਆਉਂਦੀਆਂ, ਪਰਜ਼ਿੰਦਗੀ ਨੂੰ ਅੱਗੇ ਤੋਰਨਾ ਹੀ ਪੈਂਦਾ।'' ਸਿਰ ਚੁੱਕ ਕੇ ਮੈਂ ਉਸ ਵੱਲ ਦੇਖਿਆ। ਉਸ ਦੇ ਚਿਹਰੇ ਨੂੰ ਪਹਿਲੀ ਵਾਰ ਮੈਂ ਇੰਨਾ ਨੇੜਿਓਂ ਤੱਕਿਆ ਸੀ। ''ਪੋਤਾ ਹੈ, ਪੋਤੀ ਹੈ ਤੇ ਪੁੱਤ ਨੇ। ਆਂਟੀ ਦਾ ਰੂਪ ਇਨ੍ਹਾਂ ਵਿੱਚ ਹੀ ਦੇਖੋ...।'' ਸਿਆਣੀਆਂ ਤੇ ਗਹਿਰੀਆਂ ਸੋਚਾਂ ਵਿੱਚੋਂ ਆਈ ਉਸ ਦੀ ਇਸ ਗੱਲ ਦੇ ਗਹਿਰੇ ਅਰਥ ਸਨ।

''ਕੀ ਖਾਣਾ, ਬੱਚੇ?'' ਕੰਮ ਕਰਦੀ ਨੂੰ ਮੈਂ ਕਦੀ ਕਦੀ ਪੁੱਛਦਾ। ਉਹ ਹਰ ਵਾਰ ਨਾਂਹ ਕਰਦੀ, ਪਰ ਮੈਂ ਫੇਰ ਵੀ ਕੋਈ ਨਾ ਕੋਈ ਫਲ ਉਸ ਨੂੰ



ਦੇ ਦਿੰਦਾ। ਇਧਰ ਉਧਰ ਬੇਤਰਤੀਬੀਆਂ ਪਈਆਂ ਮੇਰੀਆਂ ਕਿਤਾਬਾਂ ਅਖਬਾਰਾਂ ਨੂੰ ਉਹ ਥਾਂ ਸਿਰ ਰੱਖਦੀ। ਸਰਦੀ ਦਾ ਮੌਸਮ ਸੀ। ਰਜ਼ਾਈ ਵਿੱਚ ਬੈਠੇ ਨੂੰ ਵੀ ਮੈਨੂੰ ਠੰਢ ਲੱਗ ਰਹੀ ਸੀ। ਪਤਲਾ ਜਿਹਾ ਉਨੀ ਸਵੈਟਰ ਪਾਈ ਉਹ ਆਈ ਤੇ ਆਉਂਦਿਆਂ ਹੀ ਸਾਫ ਸਫਾਈ ਵਿੱਚ ਰੁੱਝ ਗਈ। ਜਾਣ ਲੱਗੀ ਤਾਂ ਇੱਕ ਹਜ਼ਾਰ ਰੁਪਏ ਉਸ ਨੂੰ ਦਿੰਦੇ ਹੋਏ ਕਿਹਾ, ''ਨਵੀਂ ਕੋਟੀ ਲੈ ਲਈਂ ਬੱਚੇ। ਠੰਢ ਬੜੀ ਐ।'' ਝਿਜਕ ਭਰੀ ਨਾਂਹ ਉਸ ਨੇ ਕੀਤੀ, ਪਰ ਅਖੀਰ ਪੈਸੇ ਫੜ ਕੇ ਕਿਹਾ, ''ਜਾ ਰਹੀ ਹਾਂ ਅੰਕਲ।'' ਉਸ ਦੀਆਂ ਅੱਖਾਂ ਅੰਦਰ ਆਈ ਚਮਕ ਤੋਂ ਉਸ ਨੂੰ ਮਿਲੀ ਖੁਸ਼ੀ ਦਾ ਅੰਦਾਜ਼ਾ ਸਹਿਜੇ ਹੀ ਹੋ ਗਿਆ ਸੀ।

ਇੱਕ ਦਿਨ ਮੈਂ ਉਸ ਨੂੰ ਕਿਹਾ, ''ਸ਼ਾਇਦ ਮੈਂ ਬੱਚਿਆਂ ਕੋਲ ਚਲੇ ਜਾਵਾਂ।'' ਉਦਾਸ ਅਤੇ ਖਾਮੋਸ਼ ਜਿਹੀ ਉਹ ਉਥੇ ਦੀ ਉਥੇ ਖੜ੍ਹ ਗਈ। ਕੁਝ ਨਾ ਬੋਲੀ। ਚੁੱਪਚਾਪ ਕੰਮ ਕਰਦੀ ਰਹੀ। ਪੰਦਰਾਂ ਵੀਹ ਮਿੰਟ ਇਸੇ ਚੁੱਪ ਵਿੱਚ ਲੰਘ ਗਏ ਸਨ। ਸੋਚਾਂ ਤੋਂ ਬਾਹਰ ਆਉਂਦੇ ਇਹ ਬੋਲੀ, ''ਚਲੇ ਜਾਉ, ਪਰ ਛੇਤੀ ਮੁੜ ਆਇਉ।'' ਮਾਵਾਂ-ਧੀਆਂ ਇੱਕ ਦਿਨ ਦੋਵੇਂ ਘਰ ਆਈਆਂ। ਸੂਹਾ ਲਾਲ ਸੂਟ ਮੈਨੂੰ ਦਿਖਾ ਕੇ ਉਸ ਦੀ ਮਾਂ ਨੇ ਕਿਹਾ, ''ਸਾਂਭ ਸਾਂਭ ਰੱਖਦੀ ਸੀ ਹਜ਼ਾਰ ਰੁਪਏ, ਜੋ ਤੁਸੀਂ ਦਿੱਤੇ ਸਨ। ਇਨ੍ਹਾਂ ਪੈਸਿਆਂ ਦਾ ਇਹ ਸੂਟ ਅੱਜ ਲਿਆ। ਆਖਦੀ ਸੀ ਆਪਣੇ ਵਿਆਹ ਉੱਤੇ ਪਾਵਾਂਗੀ।''

ਮਾਂ ਦੀਗੱਲ ਸੁਣਦਿਆਂ ਉਸ ਨੇ ਨੀਵੀਂ ਪਾ ਲਈ। ਰਸੋਈ, ਕਮਰੇ, ਵਿਹੜੇ ਅਤੇ ਹੋਰ ਸਾਫ ਸਫਾਈ ਕਰਨ ਪਿੱਛੋਂ ਮੇਰੇ ਕੋਲ ਆਉਂਦਿਆਂ ਉਸ ਨੇ ਪੁੱਛਿਆ, ''ਮੇਰੇ ਵਿਆਹ ਉਤੇ ਆਓਗੇ ਅੰਕਲ?'' ਉਸ ਦੇ ਬੋਲਾਂ ਵਿੱਚ ਸਵਾਲ ਸੀ ਤੇ ਮੇਰੇ ਵੱਲ ਤੱਕਦੀਆਂ ਭਰੀਆਂ ਅੱਖਾਂ ਵਿੱਚ ਜਵਾਬ ਦੀ ਉਡੀਕ ਵੀ। ਉਸ ਦੇ ਮਨ ਅੰਦਰ ਮੇਰੇ ਪ੍ਰਤੀ ਮੈਨੂੰ ਸੁੱਚੇ ਮੋਹ ਤੇ ਮਹਿਕ ਭਰਿਆ ਚਾਨਣ ਦਿਖਾਈ ਦਿੱਤਾ ਤੇ ਇਸ ਚਾਨਣ ਵਿੱਚ ਕਿਸੇ ਪਵਿੱਤਰ ਰਿਸ਼ਤੇ ਦਾ ਅਕਸ...।

ਬਿਨਾਂ ਦੇਰੀ ਕਰਦਿਆਂ ਆਪਣਾ ਹੱਥ ਉਸ ਦੇ ਸਿਰ ਉੱਤੇ ਧਰਦਿਆਂ ਜਿਵੇਂ ਅਗਾਊਂ ਹੀ ਮੈਂ ਪਿਓ ਜਿਹੀ ਅਸੀਸ ਉਸ ਨੂੰ ਦੇ ਦਿੱਤੀ। ਧੀ ਨੂੰ ਵਿਦਾ ਕਰਨ ਸਮੇਂ ਦੇ ਉਦਾਸੀ ਦੇ ਪ੍ਰਛਾਵੇਂ ਮੇਰੇ ਚਿਹਰੇ ਉੱਤੇ ਵੀ ਆਏ। ਸੋਚਦਾਂ ਸਾਂ ਕਿ ਜ਼ਿੰਦਗੀ ਵਿੱਚ ਕੁਝ ਰਿਸ਼ਤੇ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦਾ ਕੋਈ ਨਾਂਅ ਨਹੀਂ, ਪਰ ਜ਼ਿੰਦਗੀ ਲਈ ਚਾਨਣ ਦੀ ਕਿਸੇ ਕਿਰਨ ਜਿਹੇ ਹੁੰਦੇ ਹਨ ਜਾਂ ਜੁਗਨੂੰਆਂ ਵਾਂਗ ਜ਼ਿੰਦਗੀ ਦੇ ਹਨੇਰਿਆਂ ਨੂੰ ਚਾਨਣ ਵੰਡਦੇ ਹਨ।

# ਹਵਾ ਵਿੱਚ ਖ਼ਤਰਾ ?

## ਕੋਵਿਡ ਦੇ ਮਾਮਲੇ ਘੱਟ ਹੋ ਸਕਦੇ ਹਨ ਪਰ ਕੀ ਖੰਭਾਂ ਵਿੱਚ ਕੋਈ ਅਗਲੀ ਲਹਿਰ ਹੈ?

ਓਮਿਕਰੋਨ ਵੇਵ ਦੇ ਘਟਣ ਤੋਂ ਬਾਅਦ ਭਾਰਤ ਆਮ ਵਾਂਗ ਵਾਪਸ ਆ ਗਿਆ ਹੈ। ਰੋਜ਼ਾਨਾ ਸਿਰਫ਼ 3,000 ਤੋਂ ਵੱਧ ਨਵੇਂ ਕੇਸ ਦਰਜ ਹੁੰਦੇ ਹਨ। ਮੌਤਾਂ ਦੀ ਗਿਣਤੀ ਵਿੱਚ ਕਮੀ ਆਈ ਹੈ। ਟੀਕਿਆਂ ਦੀਆਂ 1.8 ਬਿਲੀਅਨ ਤੋਂ ਵੱਧ ਖੁਰਾਕਾਂ ਦਿੱਤੀਆਂ ਗਈਆਂ ਹਨ। 12 ਸਾਲ ਤੋਂ ਵੱਧ ਉਮਰ ਦੇ ਬੱਚੇ ਟੀਕੇ ਲਗਵਾ ਰਹੇ ਹਨ। 20 ਮਿਲੀਅਨ ਲੋਕਾਂ ਨੂੰ ਬੂਸਟਰ ਡੋਜ਼ ਮਿਲ ਚੁੱਕੇ ਹਨ। ਆਰਥਿਕਤਾ ਪੂਰੀ ਭਾਫ਼ ਨਾਲ ਚੱਲ ਰਹੀ ਹੈ. ਜ਼ਿਆਦਾਤਰ ਪਾਬੰਦੀਆਂ ਹਟਾ ਲਈਆਂ ਗਈਆਂ ਹਨ ਅਤੇ ਅੰਤਰਰਾਸ਼ਟਰੀ ਹਵਾਈ ਯਾਤਰਾ 27 ਮਾਰਚ ਤੋਂ ਮੁੜ ਸ਼ੁਰੂ ਹੋ ਜਾਵੇਗੀ। ਫਿਰ ਵੀ, ਚਿੰਤਾ ਦਾ ਵਿਸ਼ਾ ਹੈ। ਕੀ ਕੋਵਿਡ-19 ਹੁਣ ਨਹੀਂ ਰਿਹਾ? ਹਲਚਲ ਦੀ ਕਲਪਨਾ ਕਰੋ ਜੇਕਰ ਕੋਈ ਹੋਰ ਲਹਿਰ ਦੇਸ਼ ਨੂੰ ਆਪਣੀ ਲਪੇਟ ਵਿੱਚ ਲੈ ਲਵੇ। ਵਿਗਿਆਨੀ ਇਸ ਗੱਲ ਦੀ ਪੁਸ਼ਟੀ ਨਹੀਂ ਕਰ ਰਹੇ ਹਨ ਕਿ ਅਸੀਂ ਮਹਾਂਮਾਰੀ ਦਾ ਪਿਛਲਾ ਹਿੱਸਾ ਦੇਖਿਆ ਹੈ। ਸਪਾਕ ਇਨ ਦ ਵ੍ਹੀਲ ਬੁੱਧਵਾਰ ਨੂੰ ਦਾ ਬਿਆਨ ਹੈ ਕਿ ਜਨਵਰੀ ਤੋਂ ਬਾਅਦ ਦੇਖੀ ਗਈ ਗਿਰਾਵਟ ਨੂੰ ਉਲਟਾਉਂਦੇ ਹੋਏ, ਕੋਵਿਡ -19 ਸੰਕਰਮਣ ਇੱਕ ਵਾਰ ਫਿਰ ਵੱਧ ਰਹੇ ਹਨ। ਦੁਨੀਆ ਭਰ ਵਿੱਚ ਪਿਛਲੇ ਇੱਕ ਹਫ਼ਤੇ ਵਿੱਚ 43,000 ਤੋਂ ਵੱਧ ਮੌਤਾਂ ਦੇ ਨਾਲ 11 ਮਿਲੀਅਨ ਤੋਂ ਵੱਧ ਨਵੇਂ ਸੰਕਰਮਣ ਦੀ ਰਿਪੋਰਟ ਕੀਤੀ ਗਈ ਹੈ। ਇਹ ਚਿੰਤਾਜਨਕ ਹੈ। ਸਭ ਤੋਂ ਵੱਧ ਵਾਧਾ ਯੂਰਪ ਵਿੱਚ ਦੇਖਿਆ ਗਿਆ ਹੈ. ਓਮਿਕਰੋਨ ਦੇ ਉਪ-ਵਰਗ ਦਾ ਫੈਲਣਾ ਅਤੇ ਸੁਰੱਖਿਆ ਪ੍ਰੋਟੋਕੋਲ ਵਿੱਚ ਢਿੱਲ ਕਾਰਨ ਹਨ। ਨਵੇਂ ਆਫਸ਼ੂਟ ਨੂੰ "ਸਟੀਲਥ ਵੇਰੀਐਂਟ" ਕਿਹਾ ਜਾ ਰਿਹਾ ਹੈ ਕਿਉਂਕਿ ਇਸਦੇ ਜੈਨੇਟਿਕ ਪਰਿਵਰਤਨ ਪੀਸੀਆਰ ਟੈਸਟਾਂ ਲਈ ਇਸਨੂੰ ਡੈਲਟਾ ਵੇਰੀਐਂਟ ਤੋਂ ਵੱਖ ਕਰਨਾ ਮੁਸ਼ਕਲ ਬਣਾ ਰਹੇ ਹਨ। ਡੈਨਮਾਰਕ ਦੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਉਪ-ਵਰਗ ਓਮਿਕਰੋਨ ਨਾਲੋਂ ਬਹੁਤ ਜ਼ਿਆਦਾ ਸੰਚਾਰਿਤ ਹੈ। ਇਹ ਯੂਰਪ ਵਿੱਚ ਅੱਧੇ ਤੋਂ ਵੱਧ ਨਵੇਂ ਕੇਸਾਂ ਲਈ ਜ਼ੁੰਮੇਵਾਰ ਹੈ। ਡਬਲਯੂਐਚਓ ਦਾ ਕਹਿਣਾ ਹੈ ਕਿ ਜਿਹੜੇ ਲੋਕ ਪਹਿਲਾਂ ਹੀ ਓਮਿਕਰੋਨ ਦੁਆਰਾ ਸੰਕਰਮਿਤ ਹਨ, ਉਨ੍ਹਾਂ ਨੂੰ ਉਪ-ਵਰਗ ਤੋਂ ਮੁੜ ਸੰਕਰਮਣ ਦੇ ਵਿਰੁੱਧ ਮਜ਼ਬੂਤ ਸੁਰੱਖਿਆ ਹੈ। ਇਸ ਤੋਂ ਇਲਾਵਾ, ਟੀਕੇ ਅਤੇ ਬੂਸਟਰਾਂ ਦਾ ਧੰਨਵਾਦ, ਹਸਪਤਾਲਾਂ ਵਿੱਚ ਭਰਤੀ ਘੱਟ ਅਤੇ ਮੌਤਾਂ ਘੱਟ ਹਨ।

ਏਸ਼ੀਆ ਵਿੱਚ ਵੀ, ਤਾਜ਼ਾ ਸੰਕਰਮਣ ਦੇ ਮਾਮਲੇ ਵੱਧ ਰਹੇ ਹਨ। ਚੀਨ, ਹਾਂਗਕਾਂਗ, ਨਿਊਜ਼ੀਲੈਂਡ ਅਤੇ ਦੱਖਣੀ ਕੋਰੀਆ ਵਿੱਚ ਸਪੁਰਟਸ ਰਜਿਸਟਰ ਕੀਤੇ ਜਾ ਰਹੇ ਹਨ। ਅਸਵੀਕਾਰਨਯੋਗ ਤੱਥ ਇਹ ਹੈ ਕਿ ਤੇਜ਼ੀ ਨਾਲ ਪ੍ਰਸਾਰਿਤ ਉਪ-ਵਿਭਿੰਨਤਾ ਕਿਸੇ ਤਰ੍ਹਾਂ ਭਾਰਤ ਤੱਕ ਪਹੁੰਚ ਜਾਵੇਗੀ। ਇੱਕ ਵਾਰ ਜਦੋਂ ਅੰਤਰਰਾਸ਼ਟਰੀ ਉਡਾਣ ਸੰਚਾਲਨ ਮੁੜ ਸ਼ੁਰੂ ਹੋ ਜਾਂਦਾ ਹੈ, ਤਾਂ ਇਹ ਦਾਖਲ ਹੋਣਾ ਲਾਜ਼ਮੀ ਹੈ। ਕੁਝ ਖੋਜਕਰਤਾਵਾਂ ਦਾ ਸੁਝਾਅ ਹੈ ਕਿ ਮਹਾਂਮਾਰੀ ਦੀ ਅਗਲੀ ਲਹਿਰ ਭਾਰਤ ਵਿੱਚ ਜੂਨ ਦੇ ਅਖੀਰ ਵਿੱਚ ਸ਼ੁਰੂ ਹੋ ਸਕਦੀ ਹੈ ਅਤੇ ਅੱਧ ਅਗਸਤ ਦੇ ਆਸਪਾਸ ਸਿਖਰ 'ਤੇ ਆ ਸਕਦੀ ਹੈ। ਕੁਝ ਵਿਗਿਆਨੀਆਂ ਨੂੰ ਭਰੋਸਾ ਹੈ ਕਿ ਓਮੀਕਰੋਨ ਵਰਗਾ ਨਵਾਂ ਉਪ-ਵਰਗ ਫੇਫੜਿਆਂ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ ਹੈ ਅਤੇ ਇਸ ਲਈ ਮੌਤਾਂ ਦੀ ਗਿਣਤੀ ਘੱਟ ਹੋ ਸਕਦੀ ਹੈ। ਪਰ ਇਸ ਗੱਲ ਦੀ ਕੀ ਗਰੰਟੀ ਹੈ ਕਿ ਭਾਰਤ ਵਿੱਚ ਵਰਤਮਾਨ ਵਿੱਚ ਵਰਤੇ ਜਾ ਰਹੇ ਟੀਕੇ ਗੰਭੀਰ ਸੰਕਰਮਣ ਤੋਂ ਬਚਾ ਸਕਦੇ ਹਨ? ਅਤੇ ਕੀ ਜੇ ਵਾਇਰਸ ਪਰਿਵਰਤਨ ਦਾ ਇਹ ਸਮੇਂ-ਸਮੇਂ ਤੇ ਕ੍ਰਮ ਮੌਸਮੀ ਤਰੰਗਾਂ ਵੱਲ ਖੜਦਾ ਹੈ? ਅਤੇ ਉੱਨਤ ਦੇਸ਼ਾਂ ਵਿੱਚ, ਜ਼ਿਆਦਾਤਰ ਨੇ ਤਿੰਨ ਖੁਰਾਕਾਂ ਪ੍ਰਾਪਤ ਕੀਤੀਆਂ ਹਨ, ਜਿਸ ਵਿੱਚ ਵੈਕਸੀਨ ਦੀ ਘੱਟੋ-ਘੱਟ ਇੱਕ ਖੁਰਾਕ ਸ਼ਾਮਲ ਹੈ, ਅਤੇ ਉਹ ਘੱਟੋ-ਘੱਟ ਲਾਗਾਂ ਤੋਂ ਬਚ ਗਏ ਹਨ। ਭਾਰਤ ਨਾਲ ਅਜਿਹਾ ਨਹੀਂ ਹੋਵੇਗਾ। ਇਸਦੇ ਸਿਖਰ 'ਤੇ, ਸਾਡੇ ਵਿੱਚੋਂ ਬਹੁਤਿਆਂ ਨੇ ਮਾਸਕ ਪਹਿਨਣ ਜਾਂ ਸੈਨੀਟਾਈਜ਼ਰ ਦੀ ਵਰਤੋਂ ਛੱਡ ਦਿੱਤੀ ਹੈ। ਜੇਕਰ ਨਵੇਂ ਉਪ-ਵਰਗ ਦਾ ਪ੍ਰਭਾਵ ਭਾਰਤ ਨੂੰ ਮਾਰਨ 'ਤੇ ਗੰਭੀਰ ਨਹੀਂ ਹੈ, ਤਾਂ ਕੀ ਅਸੀਂ ਇਹ ਫੈਸਲਾ ਕਰਦੇ ਹਾਂ ਕਿ ਤਾਲਾਬੰਦੀ ਅਤੇ ਪਾਬੰਦੀਆਂ ਦੀ ਸਮਾਜਕ ਲਾਗਤ ਨਵੀਂ ਲਹਿਰ ਦੇ ਸੰਭਾਵਿਤ ਨੁਕਸਾਨ ਤੋਂ ਕਿਤੇ ਵੱਧ ਹੈ? ਸਾਨੂੰ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਵੈਕਸੀਨ-ਪ੍ਰੇਰਿਤ ਪ੍ਰਤੀਰੋਧਕ ਸ਼ਕਤੀ ਦੂਜੀ ਖੁਰਾਕ ਤੋਂ ਛੇ ਮਹੀਨਿਆਂ ਬਾਅਦ ਵੱਡੀ ਗਿਣਤੀ ਵਿੱਚ ਘੱਟ ਸਕਦੀ ਹੈ ਅਤੇ ਭਵਿੱਖ ਵਿੱਚ ਗੰਭੀਰ ਲਾਗ ਤੋਂ ਬਚਣ ਲਈ ਉਹਨਾਂ ਨੂੰ ਬੂਸਟਰ ਖੁਰਾਕ ਦੀ ਲੋੜ ਹੁੰਦੀ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

# ਤੂੜੀ ਵਾਲਾ ਕੋਠਾ

ਇਹ ਗੱਲ ਉਸ ਸਮੇਂ ਦੀ ਹੈ, ਜਦੋਂ ਚਾਹ ਪੱਤੀ ਬਾਜ਼ਾਰਾਂ ਵਿੱਚ ਲੱਕੜ ਜਾਂ ਕਹਿ ਲਈਏ ਹਲਕੀ ਪਲਾਈ ਦੀਆਂ ਬਣੀਆਂ ਚੌਰਸ ਪੇਟੀਆਂ ਵਿੱਚ ਆਉਂਦੀ ਸੀ। ਮੇਰੀਆਂ ਵੀ ਕਈ ਯਾਦਾਂ ਜੁੜੀਆਂ ਨੇ ਇਸ ਚਾਹ ਪੱਤੀ ਦੀਆਂ ਬਣੀਆਂ ਚੌਰਸ ਪੇਟੀਆਂ ਨਾਲ, ਜੋ ਕਰੀਬ ਦੋ ਢਾਈ ਫੁੱਟ ਹਲਕੀ ਪਲਾਈ ਦੀ ਚੌਰਸ ਅਕਾਰ ਦੀ ਅਤੇ ਚਾਰੇ ਪਾਸਿਓਂ ਇੱਕ ਲੋਹੇ ਦੀ ਪੱਤਰੀ ਨਾਲ ਮੜ੍ਹੀ ਹੁੰਦੀ ਸੀ। ਇਸ ਵਿੱਚ ਇੱਕ ਵੱਡਾ ਮੋਮੀ ਕਾਗਜ਼ ਹੁੰਦਾ ਸੀ, ਜਿਸ ਵਿੱਚ ਖੁੱਲ੍ਹੀ ਚਾਹ ਪੱਤੀ ਹੁੰਦੀ ਅਤੇ ਉਤਲੇ ਪਾਸੇ ਇੱਕ ਵੱਡੇ ਫੋਆਇਲ ਪੇਪਰ ਨਾਲ ਸੀਲ ਕਰ ਉਪਰ ਫਿਰ ਪਲਾਈ ਲਾਈ ਹੁੰਦੀ ਸੀ।

ਖੈਰ, ਅਸਲ ਗੱਲ ਕਹਾਣੀ ਤਾਂ ਉਨ੍ਹਾਂ ਭਲਿਆਂ ਵੇਲਿਆਂ ਵਿੱਚ ਔਖੇ ਸੌਖੇ ਹੋ ਕੇ ਪਾਏ 'ਤੂੜੀ ਵਾਲੇ ਕੋਠੇ' ਦੀ ਹੈ, ਜਦੋਂ ਲੋਕਾਂ ਕੋਲ ਜ਼ਿੰਦਗੀ ਬਸਰ ਕਰਨ ਲਈ ਸੀਮਤ ਸਾਧਨ, ਸੀਮਤ ਆਮਦਨ ਤੇ ਸੀਮਤ ਜਿਹੇ ਖਰਚੇ ਸਨ। ਕੱਚਾ ਕੋਠਾ ਪਾਉਣਾ ਵੀ ਬੜਾ ਮਿਹਨਤ ਅਤੇ ਸੁਚੱਜ ਦਾ ਕੰਮ ਸੀ। ਇੱਥੇ ਚਾਹ ਪੱਤੀ ਵਾਲੀ ਪੇਟੀ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸੀ। ਗੱਲ ਕਰਦੇ ਹਾਂ, ਜਦੋਂ ਉਹ ਸਿੱਧੇ-ਪੱਧਰੇ ਅਤੇ ਸਾਦੇ ਵੇਲੇ ਹੁੰਦੇ ਸਨ, ਉਨ੍ਹਾਂ ਭਲਿਆਂ ਵੇਲਿਆਂ ਵਿੱਚ ਘਰ ਪਾਲੇ ਕੱਟੇ, ਵੱਛੇ, ਮੱਝਾਂ, ਗਾਵਾਂ ਨਾਲ ਪਿਆਰ ਹੁੰਦਾ ਸੀ। ਆਪਣੇ ਰਹਿਣ ਲਈ ਬਣਾਈ ਥਾਂ ਨਾਲੋਂ ਮਾਲ-ਡੰਗਰ ਦੇ ਰੱਖ-ਰਖਾਓ ਦਾ ਵਧੇਰੇ ਫਿਕਰ ਹੁੰਦਾ ਅਤੇ ਨਾਲ ਹੀ ਉਨ੍ਹਾਂ ਦੇ ਕੱਖ ਕੰਡੇ ਅਤੇ ਤੂੜੀ ਤੰਦ ਦੀ ਸਾਂਭ-ਸੰਭਾਲ ਦਾ ਵੀ।ਸੀਮਤ ਜਿਹੀ ਆਮਦਨ ਤੇ ਸੀਮਤ ਜਿਹੇ ਖਰਚ ਨਾਲ ਠੀਕ-ਠਾਕ ਜਿਹਾ ਗੁਜ਼ਾਰਾ ਹੋਈ ਜਾਂਦਾ ਸੀ, ਮੁਸ਼ਕਲ ਉਦੋਂ ਹੁੰਦੀ ਜਦੋਂ ਕੋਈ ਵੱਡਾ ਖਰਚਾ ਅਚਾਨਕ ਆ ਘੇਰਦਾ ਤੇ ਘਰ ਦਾ ਲਾਣੇਦਾਰ ਫਿਕਰਾਂ ਨਾਲ ਡੁੱਬ ਜਾਂਦਾ। ਉਹ ਆਪਣੀ ਫਿਕਰ ਦਾ ਜ਼ਿਕਰ ਕਿਸੇ ਕੋਲ ਨਾ ਕਰ ਕੇ ਸਿਰ ਪਈ ਸਮੱਸਿਆ ਦਾ ਹੱਲ ਲੱਭਣ ਵਿੱਚ ਜੁਟ ਜਾਂਦਾ। ਇੱਕ ਪਾਸੇ ਪੈਸੇ-ਟਕੇ ਤੋਂ ਹੱਥ ਤੰਗ ਤੇ ਦੂਜੇ ਪਾਸੇ ਅਚਾਨਕ ਖਸਤਾ ਹਾਲਤ ਹੋਏ ਤੂੜੀ ਵਾਲੇ ਕੋਠੇ ਦਾ ਢਹਿ ਜਾਣਾ ਕਿਸੇ ਅਚਨਚੇਤ ਆਈ ਮੁਸੀਬਤ ਤੋਂ ਘੱਟ ਨਹੀਂ ਸੀ। ਹਾੜ੍ਹੀ ਦਾ ਫਸਲ ਦੀ ਸੰਭਾਲ ਮਗਰੋਂ ਸਭ ਤੋਂ ਪਹਿਲਾ ਕੰਮ ਮਾਲ ਡੰਗਰ ਲਈ ਸਾਰੇ ਸਾਲ ਭਰ ਦੇ ਤੂੜੀ-ਤੰਦ ਦੀ ਸਾਂਭ ਸੰਭਾਲ ਦਾ ਹੁੰਦਾ।

ਜ਼ਿੰਦਗੀ ਮਿੰਨੀ-ਮਿੰਨੀ ਚਾਲੇ ਚੱਲ ਰਹੀ ਸੀ, ਪੰਜ-ਚਾਰ ਮੱਝਾਂ, ਗਾਵਾਂ ਨਾਲ ਦਸ-ਬਾਰਾਂ ਕਿੱਲਿਆਂ ਦੀ ਖੇਤੀ, ਪਰ ਉਨ੍ਹਾਂ ਸਮਿਆਂ ਵਿੱਚ ਪੈਸੇ ਟਕੇ ਦੀ ਅਕਸਰ ਤੰਗੀ ਰਹਿੰਦੀ ਤੇ ਖੇਤੀ ਦੀ ਸੀਮਤ ਜਿਹੀ ਆਮਦਨ ਤੋਂ ਘਰ ਦੇ ਖਰਚ ਚਲਾਉਣੇ ਬੜੇ ਮੁਸ਼ਕਲ ਹੁੰਦੇ ਸਨ। ਹਾੜ੍ਹੀ ਦੀ ਫਸਲ ਆਉਣ ਤੋਂ ਪਹਿਲਾਂ ਤੂੜੀ ਵਾਲੇ ਕੋਠੇ ਦਾ ਢਹਿ ਜਾਣਾ ਸਾਡੇ ਲਈ ਕਿਸੇ ਮਹਿਲ ਦੇ ਢਹਿ ਜਾਣ ਤੋਂ ਘੱਟ ਨਹੀਂ ਸੀ ਅਤੇ ਸਭ ਤੋਂ ਜ਼ਰੂਰੀ ਸੀ ਇਸ ਕੋਠੇ ਦੀ ਮੁੜ ਉਸਾਰੀ। ਇਹ ਇਸ ਲਈ ਵੀ ਜ਼ਰੂਰੀ ਸੀ ਕਿ ਇਸ ਕੋਠੇ ਵਿੱਚ ਇੱਕਾ-ਦੁੱਕਾ ਖੇਤੀ ਦੇ ਸੰਦਾਂ ਤੋਂ ਬਿਨਾਂ ਡੰਗਰ, ਵੱਛਾ ਵੀ ਬੰਨ੍ਹ ਲਿਆ ਜਾਂਦਾ ਅਤੇ ਇਸ ਨੂੰ ਅਸੀਂ ਤੂੜੀ ਵਾਲਾ ਕੋਠਾ ਤਾਂ ਕਹਿੰਦੇ ਹੀ ਸਾਂ ਤੇ ਨਾਲ ਹੀ ਇਸ ਨੂੰ ਡੰਗਰਾਂ ਵਾਲਾ ਅੰਦਰ ਵੀ ਕਹਿ ਲਿਆ ਕਰਦੇ ਸਾਂ।

ਪਿੰਡ ਦੇ ਅੱਧ ਸੁੱਕੇ ਟੋਭੇ ਤੋਂ ਲਿਆਂਦੀ ਮਿੱਟੀ ਨਾਲ ਅਸਾਂ ਤੂੜੀ ਵਾਲੇ ਕੋਠੇ ਦੀਆਂ ਕੰਧਾਂ ਦੀ ਚਿਣਾਈ ਸ਼ੁਰੂ ਕਰ ਦਿੱਤੀ, ਕੰਧਾਂ ਦੀ ਉਸਾਰੀ ਲਈ ਇੱਟ ਪੂਰੀ-ਸੂਰੀ ਸੀ। ਜੋ ਟੋਟਾ, ਦੇਹਲੀ, ਅੱਧੀ ਪੌਣੀ ਇੱਟ ਸੀ ਸਾਰੀ ਕੰਧਾਂ ਦੀ ਚਿਣਾਈ ਵਿੱਚ ਲੱਗਾ, ਕੰਧਾਂ ਤਕਰੀਬਨ ਅੱਠ-ਨੌਂ ਫੁੱਟ ਉੱਚੀਆਂ ਕਰ ਲਈਆਂ। ਜਮੋਏ ਦੀ ਲੱਕੜ ਦੇ ਤਿੰਨ ਸ਼ਤੀਰਾਂ ਨਾਲ ਚਾਰ ਖਣਾਂ ਦਾ ਤੂੜੀ ਵਾਲਾ ਕੋਠਾ ਖੜ੍ਹਾ ਕਰ ਲਿਆ, ਪਰ ਕੋਠੇ ਦੀਆਂ ਕੰਧਾਂ ਉੱਤੇ ਰੱਖੇ ਛੱਤ ਪਾਉਣ ਲਈ ਸ਼ਤੀਰਾਂ ਉੱਤੇ ਪੂਰੇ-ਸੂਰੇ ਬਾਲਿਆਂ ਤੋਂ ਇਲਾਵਾ ਹੋਰ ਕੁਝ ਨਹੀਂ ਸੀ। ਉਂਝ ਕੋਠੇ ਦੀਆਂ ਕੰਧਾਂ ਉੱਤੇ ਸ਼ਤੀਰ, ਸ਼ਤੀਰਾਂ ਉੱਤੇ ਬਾਲੇ ਅਤੇ ਬਾਲਿਆਂ ਉੱਤੇ ਇੱਟ-ਟਾਈਲ ਹੀ ਪੈਣੀ ਚਾਹੀਦੀ ਸੀ, ਪਰ ਤੰਗਦਸਤੀ ਕਾਰਨ ਕਿਤੋਂ ਵੀ ਨਵੀਂ-ਪੁਰਾਣੀ ਇੱਟ-ਟਾਇਲ ਲਿਆਉਣ ਦੀ ਹਿੰਮਤ ਨਹੀਂ ਪਈ।

ਇਸ ਤਰ੍ਹਾਂ ਕਿਵੇਂ ਵੀ ਇੱਟ-ਟਾਈਲ ਦਾ ਪ੍ਰਬੰਧ ਨਹੀਂ ਸੀ ਹੋ ਰਿਹਾ। ਅਚਾਨਕ ਖੱਦਰ ਦੇ ਗਲਾਸ ਵਿੱਚ ਚਾਹ ਪੀਂਦੇ ਸਾਡੇ ਲਾਣੇਦਾਰ ਦੇ ਦਿਮਾਗ ਵਿੱਚ ਸਕੀਮ ਆਈ ਕਿ ਕਿਉਂ ਨਾ ਬਾਲਿਆਂ ਦੀ ਛੱਤ ਉੱਤੇ ਚਾਹ ਪੱਤੀ ਦੀਆਂ ਪੇਟੀਆਂ ਦੀ ਪਲਾਈ ਪਾ ਦਿੱਤੀ ਜਾਵੇ। ਬੱਸ, ਦਿਨ ਚੜ੍ਹਦੇ ਹੀ ਅਸੀਂ ਲਾਣੇਦਾਰ ਨਾਲ ਸ਼ਹਿਰ ਨੂੰ ਹੋ ਤੁਰੇ ਅਤੇ ਪੰਜ-ਸੱਤ ਪਰਚੂਨ ਦੀਆਂ ਹੱਟੀਆਂ ਤੋਂਅੱਠ-ਦਸ ਚਾਹ ਪੱਤੀ ਦੀਆਂ ਖਾਲੀ ਪੇਟੀਆਂ ਦਾ ਪ੍ਰਬੰਧ ਕਰ ਕੇ ਸ਼ਾਮ ਤੱਕ ਘਰ ਪਰਤ ਆਏ। ਪੱਤੀ ਦੀਆਂ ਖਾਲੀ ਪੇਟੀਆਂ ਖੋਲ੍ਹ ਕੇ ਉਨ੍ਹਾਂ ਦੀ ਕੱਚੀ ਪੱਕੀ ਪਲਾਈ ਰੱਖ ਦਿੱਤੀ ਤੇ ਨਾਲ ਉਨ੍ਹਾਂ ਚਾਹ ਪੱਤੀ ਦੀਆਂ ਖਾਲੀ ਪੇਟੀਆਂ ਵਿੱਚੋਂ ਨਿਕਲਿਆ ਮੋਮੀ ਕਾਗਜ ਉੱਤੇ ਵਿਛਾ ਦਿੱਤਾ। ਕੋਠੇ ਦਾ ਸਾਡਾ ਫਿਕਰ ਮੁੱਕਣ ਕੰਢੇ ਸੀ। ਬਾਲਿਆਂ ਉੱਤੇ ਰੱਖੀ ਚਾਹ ਪੱਤੀ ਦੀਆਂ ਪੇਟੀਆਂ ਦੀ ਪਲਾਈ ਅਤੇ ਮੋਮੀ ਕਾਗਜ਼ ਤੋਂ ਬਾਅਦ ਟੋਭੇ ਤੋਂ ਲਿਆਂਦੀ ਮਿੱਟੀ ਵਿੱਚ ਤੂੜੀ ਰਲਾ ਕੇ ਹੌਲੀ-ਹੌਲੀ ਬਾਲਿਆਂ, ਸ਼ਤੀਰਾਂ ਉੱਤੇ ਪੈਰ ਟਿਕਾ ਮਿੱਟੀ ਪਾਉਣ ਮਗਰੋਂ ਉਪਰ ਮਿੱਟੀ ਤੂੜੀ ਰਲਾ ਪੋਚਾ ਲਾ ਦਿੱਤਾ ਤੇ ਸਾਡਾ ਤੂੜੀ ਵਾਲਾ ਕੋਠਾ ਤਿਆਰ ਹੋ ਗਿਆ।

ਫਿਰ ਅਸਾਂ ਉਹ ਇੱਕ ਦਰਵਾਜ਼ੇ ਉੱਤੇ ਇੱਕ ਛੋਟੀ ਜਿਹੀ ਖਿੜਕੀ ਵਾਲਾ ਕੋਠਾ ਤੂੜੀ ਨਾਲ ਭਰ ਦਿੱਤਾ। ਮੈਨੂੰਯਾਦ ਹੈ ਕਿ ਉਹ ਤੂੜੀ ਵਾਲਾ ਕੋਠਾ ਆਪਣੀ ਜਗ੍ਹਾ ਬਾਰ੍ਹਾਂ-ਤੇਰ੍ਹਾਂ ਸਾਲ ਜਿਉਂ ਦਾ ਤਿਉਂ ਖੜ੍ਹਾ ਰਿਹਾ, ਨਾ ਢਹਿਆ ਤੇ ਨਾ ਹੀ ਮੀਂਹ-ਕਣੀ ਵਿੱਚ ਕਦੀ ਚੋਇਆ। ਹਾਂ, ਇੱਕ ਸਖਤ ਹਦਾਇਤ ਸੀ ਸਭ ਨੂੰ ਕਿ ਤੂੜੀ ਵਾਲੇ ਕੋਠੇ ਉੱਤੇ ਕਿਸੇ ਚੜ੍ਹਨਾ ਨਹੀਂ।

*-ਹਰਮਨਪ੍ਰੀਤ ਸਿੰਘ*

# ਕੀ ਭਾਰਤ ਦੇ ਐਟਮੀ ਸਿਧਾਂਤ ਵਿੱਚ ਤਬਦੀਲੀ ਦੀ ਲੋੜ ਹੈ

ਬ੍ਰਿਗੇ. ਕੁਲਦੀਪ ਸਿੰਘ ਕਾਹਲੋਂ

ਇੱਕ ਬਰਤਾਨਵੀ ਫਿਲਾਸਫਰ ਬਰਟਰੈਂਡ ਰਸਲ ਨੇ 1960 ਦੇ ਦਹਾਕੇ ਵਿੱਚ ਅੰਦਾਜ਼ੇ ਲਾਉਂਦਿਆਂ ਕਿਹਾ ਸੀ ਕਿ ਜੇ ਐਟਮੀ ਤਾਕਤ ਵਾਲੇ ਦੇਸ਼ ਆਪਣੇ ਸ਼ਸਤਰਾਂ ਨੂੰ ਘੱਟ ਕਰਨ ਲਈ ਕਰੜਾ ਰੁਖ ਨਹੀਂ ਆਪਣਾਉਂਦੇ ਤਾਂ ਆਉਣ ਵਾਲੇ 10 ਸਾਲਾਂ ਵਿੱਚ ਐਟਮੀ ਯੁੱਧ ਹੋਵੇਗਾ, ਪਰ ਵਿਗਿਆਨੀ ਰਸਲ ਅਤੇ ਇੱਕ ਹੋਰ ਬ੍ਰਿਟਿਸ਼ ਨਾਵਲਕਾਰ ਸੀ ਪੀ ਸਨੋਅ ਦੀ ਭਵਿੱਖਬਾਣੀ ਅਤੇ ਵਿਚਾਰਧਾਰਾ ਦੇ ਉਲਟ ਪੰਜ ਦਹਾਕੇ ਬਾਅਦ ਵੀ ਐਸਾ ਨਹੀਂ ਹੋਇਆ। ਜਦੋਂ ਰੂਸ-ਯੂਕਰੇਨ ਦੀ ਜੰਗ ਗੰਭੀਰ ਰੁਖ ਧਾਰਨ ਕਰਦੀ ਜਾ ਰਹੀ ਹੈ ਤੇ ਐਟਮੀ ਹਥਿਆਰ ਵਰਤਣ ਵਰਗੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਫਿਰ ਇਸ ਦਾ ਅਰਥ ਕੀ ਹੋਇਆ?ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡੇਨ ਨੇ ਰੂਸ ਦੇ ਖ਼ਿਲਾਫ਼ ਨਵੀਆਂ ਪਾਬੰਦੀਆਂ ਦਾ ਐਲਾਨ ਕਰਦਿਆਂ ਕਿਹਾ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅੰਤਰਰਾਸ਼ਟਰੀ ਸ਼ਾਂਤੀ ਲਈ ਵੱਡਾ ਖਤਰਾ ਹਨ ਤੇ ਜੇ ਰੂਸ-ਅਮਰੀਕਾ ਵਿਚਾਲੇ ਲੜਾਈ ਹੋਈ ਤਾਂ ਇਹ ਵਰਲਡ ਵਾਰ-3 ਹੋਵੇਗੀ? ਰੱਬ ਨਾ ਕਰੇ ਕਿ ਰੂਸ-ਯੂਕ੍ਰੇਨ ਦੇ ਯੁੱਧ ਦੌਰਾਨ ਜਾਂ ਕਿਸੇ ਵੀ ਕੋਨੇ ਵਿੱਚਐਟਮੀ ਸ਼ਕਤੀ ਦੀ ਗਲਤ ਵਰਤੋਂ ਕਿਸੇ ਵੀ ਮੁੱਦੇ ਬਾਰੇ ਕਿਸੇ ਦੇਸ਼ ਜਾਂ ਸੰਗਠਨਾਂ ਵੱਲੋਂ ਕੀਤੀ ਗਈ ਤਾਂ ਮਨੁੱਖਤਾ ਦਾ ਵਿਨਾਸ਼ ਹੋ ਸਕਦਾ ਹੈ। ਇਸ ਪ੍ਰਸੰਗ ਵਿੱਚ ਕੀ ਭਾਰਤ ਵਾਸਤੇ ਐਟਮੀ ਹਥਿਆਰਾਂ ਦੀ ਵਰਤੋਂ ਸੰਬੰਧੀ ਸੰਨ 1998 ਵਿੱਚ ਤਹਿ ਕੀਤੀ ਰਣਨੀਤੀ ਵਿੱਚ ਕੋਈ ਪਰਿਵਰਤਨ ਦੀ ਲੋੜ ਹੈ?

ਜਦੋਂ ਸੰਨ 1998 ਵਿੱਚ ਪੋਖਰਨ ਟੈਸਟ-2 ਕਰਨ ਪਿੱਛੋਂ ਭਾਰਤ ਇੱਕ ਐਟਮੀਤਾਕਤ ਵਾਲੇ ਦੇਸ਼ ਵਜੋਂ ਉੱਭਰ ਕੇ ਸਾਹਮਣੇ ਆਇਆ ਤਾਂ ਪੂਰੇ ਵਿਸ਼ਵ ਵਿੱਚ ਹਲਚਲ ਮੱਚ ਗਈ। ਓਦੋਂ ਵਾਜਪਾਈ ਸਰਕਾਰ ਦੇ ਦਲੇਰੀ, ਹਿੰਮਤ ਅਤੇ ਦੂਰਅੰਦੇਸ਼ੀ ਵਾਲੇ ਫੈਸਲੇ ਪਿੱਛੋਂ ਕਈ ਪ੍ਰਗਤੀਸ਼ੀਲ/ਪ੍ਰਭਾਵਸ਼ਾਲੀ ਦੇਸ਼ਾਂ ਨੇ ਭਾਰਤ ਉਪਰ ਆਰਥਿਕ ਸਹਾਇਤਾ ਉੱਤੇ ਜਾਂ ਸਹਿਯੋਗ ਨਾ ਦੇਣ ਦੀਆਂ ਰੋਕਾਂ ਲਾਈਆਂ ਅਤੇ ਦੇਸ਼ ਨੂੰ ਆਰਜ਼ੀ ਤੌਰ ਉੱਤੇ ਕਈ ਔਕੜਾਂ ਜਾ ਸਾਹਮਣਾ ਕਰਨਾ ਪਿਆ ਸੀ। ਇਸ ਦਾ ਲਾਭ ਓਦੋਂ ਹੋਇਆ ਜਦੋਂ ਡਾ. ਮਨਮੋਹਨ ਸਿੰਘ ਸਰਕਾਰ ਨੂੰ ਅਮਰੀਕਾ ਤੇ ਬਾਕੀ ਏਜੰਸੀਆਂ/ਸੰਸਥਾਵਾਂ ਨਾਲ ਗੈਰ-ਫੌਜੀ ਐਟਮੀਸਮਝੌਤਾ ਕਰਦੇ ਸਮੇਂ ਭਾਰਤ ਨੂੰ ਐਟਮੀ ਸ਼ਕਤੀ ਵਾਲੇ ਦੇਸ਼ ਵਜੋਂ ਮਾਨਤਾ ਮਿਲੀ। ਉਸ ਸਮੇਂ ਦੀ ਐਨ ਡੀ ਏ ਗੱਠਜੋੜ ਦੀ ਸਰਕਾਰ ਨੇ ਐਟਮੀ ਤਜਰਬੇ ਉਪਰ ਆਪਣੇ-ਆਪ ਰੋਕਾਂ ਦੇ ਨਾਲ ਐਟਮੀ ਹਥਿਆਰਾਂ ਦੀ ਵਰਤੋਂ



ਕਰਨ ਵਾਸਤੇ ਪਹਿਲ ਨਾ ਕਰਨ ਭਾਵ 'ਨੋ ਫਰੂਟ ਜੂਸ' (ਐਨ ਐਫ ਯੂ) ਕਰਨ ਬਾਰੇ ਵੀ ਫੈਸਲਾ ਲਿਆ ਸੀ।

ਸਵਾਲ ਪੈਦਾ ਹੁੰਦਾ ਹੈ ਕਿ ਵਿਸ਼ਵ ਵਿੱਚ ਵਿਸ਼ੇਸ਼ ਤੌਰ ਉੱਤੇ ਭਾਰਤੀ ਉਪ-ਮਹਾਦੀਪ ਵਿੱਚ ਤੇਜ਼ੀ ਨਾਲ ਬਦਲਦੇ ਹਾਲਾਤ ਕਾਰਨ ਕੀ ਭਾਰਤ ਦੀ ਐਟਮੀ ਹਥਿਆਰਾਂ ਸੰਬੰਧੀ ਨੀਤੀ ਵਿੱਚ ਬਦਲਾਅ ਦੀ ਲੋੜ ਹੈ? ਲੋੜ ਇਸ ਗੱਲ ਦੀ ਵੀ ਹੈ ਕਿ ਅਗਲੇ ਸਮੇਂ ਵਿੱਚ ਸੰਭਾਵਿਤ ਯੁੱਧ ਬਾਰੇ ਸੋਚਦੇ ਸਮੇਂ ਪਾਕਿਸਤਾਨ ਨੂੰ ਗੁਆਂਢੀ ਦੇਸ਼ਾਂ ਤੋਂ ਨਿਖੇੜ ਕੇ ਕਿਆਫੇ ਨਹੀਂ ਲਾਉਣੇ ਚਾਹੀਦੇ।ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਭਾਰਤ-ਚੀਨ ਦੇਵਿਚਾਲੇਐਟਮੀ ਸਥਿਰਤਾ ਦੇ ਸੰਕੇਤ ਹਨ? ਵਿਸ਼ੇਸ ਤੌਰ ਉੱਤੇ ਜਦੋਂ ਭਾਰਤ-ਚੀਨ ਸਰਹੱਦ ਉੱਤੇ ਤਣਾਅ ਵਾਲੀ ਸਥਿਤੀ ਹੈ ਅਤੇ ਚੀਨ ਨੇ ਆਪਣੇ ਰੱਖਿਆ ਬਜਟ ਨੂੰ 7.1 ਫੀਸਦੀ ਵਧਾਉਣ ਦਾ ਐਲਾਨ ਕੀਤਾ ਹੈ ਅਤੇ ਸਾਲ 2022-23 ਦਾ 17.57 ਲੱਖ ਕਰੋੜ ਦਾ ਅਨੁਮਾਨ ਹੈ, ਜਦੋਂ ਕਿ ਭਾਰਤ ਦਾ ਰੱਖਿਆ ਬਜਟ ਕੇਵਲ 5.25 ਲੱਖ ਕਰੋੜ ਹੈ।ਇਹ ਵੀ ਸਪੱਸ਼ਟ ਹੋ ਚੁੱਕਾ ਹੈ ਕਿ ਮਿਆਂਮਾਰ ਤੇਜ਼ੀ ਨਾਲ ਐਟਮੀ ਬੰਬ ਬਣਾਉਣਰੁੱਝਾ ਹੋਇਆ ਹੈ। ਇਹ ਵੀ ਹਕੀਕਤ ਹੈ ਕਿ ਜਦੋਂ ਪਾਕਿਸਤਾਨ ਦੇ ਵਿਗਿਆਨੀ 'ਏ ਕਿਊ ਖਾਨ' ਨੂੰ ਕੈਦ ਕੀਤਾ ਗਿਆ ਤਾਂ ਉਸ ਦੇ ਦੋ ਹੋਰ ਸਾਥੀਆਂ ਨੇ ਮਿਆਂਮਾਰ ਵਿੱਚ ਪਨਾਹ ਲੈ ਲਈ ਸੀ ਤੇ ਉਹ ਅੱਜ ਮਿਆਂਮਾਰ ਨੂੰ ਐਟਮੀ ਸ਼ਕਤੀ ਵਜੋਂ ਉਭਾਰਨ ਵਾਸਤੇ ਸਹਾਈ ਹੋ ਰਹੇ ਹਨ। ਇਹ ਵੀ ਸਿੱਧ ਹੋ ਗਿਆ ਹੈ ਕਿ ਚੀਨ, ਉਤਰੀ ਕੋਰੀਆ ਤੇ ਪਾਕਿਸਤਾਨ ਮਿਆਂਮਾਰ ਨੂੰ ਐਟਮੀ ਸ਼ਕਤੀ ਵਜੋਂ ਉਭਾਰਨ ਵਾਸਤੇ ਤਕਨਾਲੋਜੀ, ਐਟਮੀ ਬਾਲਣ ਤੇ ਹੋਰ ਹਰ ਕਿਸਮ ਦੀ ਮਦਦ ਦੇਣ ਵਿੱਚ ਸਹਾਈ ਹੋ ਰਹੇ ਹਨ। ਭਾਰਤੀ ਸਰਹੱਦ ਤੋਂ ਕਰੀਬ 850 ਕਿਲੋਮੀਟਰ ਦੂਰੀ ਉੱਤੇ ਮਿਆਂਮਾਰ ਅੰਦਰ 'ਕਛੂਆ ਦਾ ਕਵਚ' (ਕੋਡ ਵਰਡ) ਦੇ ਨਾਂ ਅਧੀਨ 800 ਸੁਰੰਗਾਂ ਵੀ ਪੁੱਟੀਆਂ ਜਾ ਰਹੀਆਂ ਹਨ। ਭਾਰਤ ਦੇ ਮਿਆਂਮਾਰ ਦੀ ਫ਼ੌਜ ਅਤੇ ਜਨਤਾ ਨਾਲ ਸੰਬੰਧ ਤਾਂ ਸੁਖਾਵੇਂ ਹਨ, ਪਰ ਕੀ ਸਾਡੀ ਸਰਕਾਰ ਮਿਆਂਮਾਰ ਉੱਤੇਐਟਮੀ ਹਥਿਆਰ ਤਿਆਰ ਕਰਨ ਉੱਤੇ ਕੋਈ ਰੋਕ ਲੱਾ ਸਕਦੀ ਹੈ?

ਇਸ ਵਿੱਚ ਸ਼ੱਕ ਨਹੀਂ ਕਿ ਪਾਕਿਸਤਾਨ ਸੁਭਾਵਕ ਤੌਰ ਉੱਤੇ ਅਜਿਹਾ ਦੇਸ਼ ਹੈ ਜਿਸ ਬਾਰੇ ਪੱਕੀ ਤਰ੍ਹਾਂ ਕੁਝ ਨਹੀਂ ਕਿਹਾ ਜਾ ਸਕਦਾ। ਐਟਮੀ ਹਥਿਆਰਾਂ ਦੀ ਦੌੜ ਵਿੱਚਇਹ ਦੇਸ਼ ਵੱਧ ਖਤਰਨਾਕ ਸਿੱਧ ਹੋ ਸਕਦਾ ਹੈ। ਜੇ ਪਾਕਿਸਤਾਨ ਦੇ ਹਾਕਮ ਗਿੱਦੜ-ਭਬਕੀਆਂ ਮਾਰਦੇ ਹੋਣ ਤਾਂ ਕੀ ਹੋ ਸਕਦਾ ਹੈ? ਜੇਹਾਦੀ ਅਵਾਮ ਲੋੜ ਪੈਣ ਉੱਤੇ ਪਾਕਿਸਤਾਨ ਸਰਕਾਰ ਨੂੰ ਐਟਮੀ ਹਥਿਆਰਾਂ ਦੀ ਵਰਤੋਂ ਕਰਨ ਵਾਸਤੇ ਮਜ਼ਬੂਰ ਕਰ ਦੇਵੇ ਜਾਂ ਅੱਤਵਾਦੀ ਜਥੇਬੰਦੀਆਂ 9/11 ਤੇ 26/11 ਦੀ ਤਰ੍ਹਾਂ ਖੁਦ ਕੋਈ ਅਨੋਖੀ ਕਾਰਵਾਈ ਸ਼ੁਰੂ ਕਰਨ, ਜਿਸ ਨਾਲ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਠੇਸ ਪਹੁੰਚੇ। ਉਂਝ ਤਾਂ ਐਟਮੀ ਬੰਬਾਂ ਦੀ ਵਰਤੋਂ ਦੇ ਅਧਿਕਾਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਕੋਲ ਹਨ, ਪਰ ਐਟਮੀ ਸ਼ਸਤਰਘਰਾਂ ਦੀ ਅਸਲੀ ਚਾਬੀ ਤਾਂ ਉਥੋਂ ਦੀ ਫੌਜ ਕੋਲ ਹੀ ਹੈ। ਕੋਈ ਵੀ ਐਟਮੀ ਸਮਰੱਥਾ ਵਾਲੀ ਮਹਾਂਸ਼ਕਤੀ ਐਟਮੀ ਹਥਿਆਰਾਂ ਤੇ ਕੈਮੀਕਲ ਵਸੀਲਿਆਂ ਦਾ ਵਰਤੋਂ ਕਰਨ ਦੀ ਅਵਸਥਾ ਵਿੱਚ ਪਹਿਲ ਕਰਨ ਦੀ ਪ੍ਰਤਿੱਗਿਆ ਤਦੇ ਕਰਦੀ ਹੈ ਜਦੋਂ ਉਸ ਦੀ ਆਰਥਿਕ ਸਥਿਤੀ ਮਜ਼ਬੂਤ ਹੋਵੇ ਤੇ ਉਸ ਨੂੰ ਅਹਿਸਾਸ ਹੋਵੇ ਕਿ ਉਸ ਕੋਲ ਰਵਾਇਤੀ ਸ਼ਕਤੀ ਇੰਨੀ ਹੈ ਕਿ ਉਸ ਨੂੰ ਲੜਾਈ ਮੌਕੇਐਟਮੀ ਹਥਿਆਰਾਂ ਦੀ ਵਰਤੋਂ ਨਹੀਂ ਕਰਨੀ ਪਵੇਗੀ। ਕੀ ਭਾਰਤ ਦੀ ਰਿਵਾਇਤੀ ਬੇਹਤਰੀ ਇੰਨੀ ਹੈ ਕਿ ਅਸੀਂ ਚੀਨ ਦੀਆਂ ਰਵਾਇਤੀ ਤਾਕਤਾਂ ਨੂੰ ਠੱਲ੍ਹ ਪਾ ਸਕੀਏ ਤੇ ਪਾਕਿਸਤਾਨ ਨੂੰ ਡਰਾ ਕੇ ਸਬਕ ਸਿਖਾਉਣ ਦੀ ਸਾਡੇ ਕੋਲ ਤਾਕਤ ਹੋਵੇ?

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪੋਖਰਾਨ ਵਿਖੇ 16 ਅਗਸਤ 2019 ਨੂੰ ਕਿਹਾ ਸੀ ਕਿ ''ਭਾਰਤ ਨੇ ਅਜੇ ਤੱਕ ਐਟਮੀ ਹਥਿਆਰਾਂ ਦੀ ਪ੍ਰਯੋਗ ਦੀ ਪਹਿਲ ਨਾ ਕਰਨ ਵਾਲੀ ਨੀਤੀ ਰੱਖੀ ਹੈ ਪਰ ਅੱਗੋਂ ਹਾਲਤ ਉੱਤੇ ਨਿਰਭਰ ਕਰੇਗਾ।'' ਇਸ ਸਮੇਂ ਭਾਰਤ ਦੇ ਗੁਆਂਢੀ ਦੇਸ਼ਾਂ ਵੱਲੋਂ ਆਪਣੀ ਰਵਾਇਤੀ ਅਤੇ ਐਟਮੀ ਸ਼ਕਤੀ ਨੂੰ ਠੋਸ ਬਣਾਉਣ ਲਈ ਹਰ ਸੰਭਵ ਹੀਲੇ-ਵਸੀਲੇ ਵਰਤੇ ਜਾ ਰਹੇ ਹਨ। ਸਮੇਂ ਦੀ ਲੋੜ ਹੈ ਕਿ 'ਐਟਮੀ 'ਸਵੈ-ਰੱਖਿਅਕ' ਵਾਲੇ ਸਿਧਾਂਤ ਨੂੰ ਮੁੱਖ ਰੱਖਦਿਆਂ, ਰੱਖਿਅਕ ਹਥਿਆਰਾਂ ਦੇ ਨਵ-ਨਿਰਮਾਣ ਐਟਮੀ ਠਿਕਾਣਿਆਂ ਦੀ ਦੇਖ-ਰੇਖ ਅਤੇ ਲੋੜ ਪੈਣ ਉੱਤੇਐਟਮੀ ਸ਼ਕਤੀ ਦਾ ਇਸਤੇਮਾਲ ਕਰਨ ਸੰਬੰਧੀ ਇੱਕ ਵਿਸ਼ਾਲ, ਦਲੇਰਾਨਾ ਅਤੇ ਦ੍ਰਿੜਤਾ ਭਰੀ ਉਸਾਰੂ ਰਣਨੀਤੀ ਤਿਆਰ ਕਰਨ ਖਾਤਰ ਐਨ ਐਫ ਯੂ ਉੱਤੇ ਮੁੜ ਤੋਂ ਵਿਚਾਰ ਕੀਤੀ ਜਾਵੇ। ਇਸ ਵਿੱਚ ਸਮੁੱਚੇ ਦੇਸ਼ ਦੀ ਭਲਾਈ ਹੋਵੇਗੀ।

## ਪਾਵਰਕਾਮ ਵੱਲੋਂ ਝੋਨੇ ਦੇ ਸੀਜ਼ਨ ਵਿੱਚ ਚਾਰ ਰੁਪਏ 35 ਪੈਸੇ ਦੀ ਦਰ ਉੱਤੇ ਬਿਜਲੀ ਖਰੀਦਣ ਲਈ ਸਮਝੌਤੇ

ਪਟਿਆਲਾ, 21 ਮਾਰਚ (ਪੋਸਟ ਬਿਊਰੋ)- ਪੰਜਾਬ ਰਾਜ ਬਿਜਲੀ ਨਿਗਮ ਲਿਮਿਟਡ (ਪਾਵਰਕਾਮ) ਨੇ ਝੋਨੇ ਦੇ ਸੀਜ਼ਨ ਵਿੱਚ ਚਾਰ ਰੁਪਏ 35 ਪੈਸੇ ਪ੍ਰਤੀ ਯੂਨਿਟ ਦੀ ਦਰ ਉੱਤੇ ਬਿਜਲੀ ਖਰੀਦਣ ਲਈ ਸ਼ਾਰਟ ਟਰਮ ਸਮਝੌਤੇ ਕਰ ਲਏ ਹਨ। ਪਾਵਰਕਾਮ ਦੇ ਸੀ ਐਮ ਡੀ ਬਲਦੇਵ ਸਿੰਘ ਸਰਾਂ ਦੇ ਮੁਤਾਬਕ ਇਹ ਬਿਜਲੀ 1 ਤੋਂ 15 ਜਲਾਈ ਦੌਰਾਨ ਖਰੀਦੀ ਜਾਵੇਗੀ, ਜਿਸ ਦਾ ਮਕਸਦ ਝੋਨੇ ਦੇ ਸੀਜ਼ਨ ਵਿੱਚ ਬਿਜਲੀ ਸਪਲਾਈ ਯਕੀਨੀ ਬਣਾਉਣਾ ਹੈ।

ਇਸ ਸੰਬੰਧ ਵਿੱਚ ਇੰਜੀਨੀਅਰ ਬਲਦੇਵ ਸਿੰਘ ਸਰਾਂ ਨੇ ਦੱਸਿਆ ਕਿ ਪਾਵਰਕਾਮ ਬੈਂਕਿੰਗ ਲਈ ਰਣਨੀਤੀ ਘੜਨ ਵਿੱਚ ਸਫਲ ਰਿਹਾ ਤੇ ਇਸ ਨੂੰ ਬੈਂਕਿੰਗ ਨਾਲ ਕੀਤੀ ਬੱਚਤ ਕਾਰਨ ਚਾਰ ਰਾਜਾਂ ਤੋਂ 2000 ਮੈਗਾਵਾਟ ਬਿਜਲੀ ਮਿਲੇਗੀ। ਉਨ੍ਹਾਂ ਦੱਸਿਆ ਕਿ ਜੂਨ ਵਿੱਚ 300 ਮੈਗਾਵਾਟ, ਜੁਲਾਈ ਵਿੱਚ 375 ਮੈਗਾਵਾਟ, ਜੁਲਾਈ ਅਤੇ ਅਗਸਤ ਵਿੱਚ 500 ਮੈਗਾਵਾਟ ਤੇ ਸਤੰਬਰ ਵਿੱਚ 475 ਮੈਗਾਵਾਟ ਬਿਜਲੀ ਸਪਲਾਈ ਲਈ ਜਾਵੇਗੀ।ਉਨ੍ਹਾਂ ਦੱਸਿਆ ਕਿ ਮੱਧ ਪ੍ਰਦੇਸ਼ ਤੋਂ 700 ਮੈਗਾਵਾਟ, ਤੇਲੰਗਾਨਾ ਤੋਂ 600 ਮੈਗਾਵਾਟ, ਤਾਮਿਲਨਾਡੂ ਤੋਂ 250 ਅਤੇ ਹਿਮਾਚਲ ਪ੍ਰਦੇਸ਼ ਤੋਂ 450 ਮੈਗਾਵਾਟ ਬਿਜਲੀ ਮਿਲੇਗੀ। ਇਸ ਦੌਰਾਨ ਪਾਵਰਕਾਮ ਲਈ ਝੋਨੇ ਦੇ ਸੀਜ਼ਨ ਵਿੱਚ ਖੇਤੀ ਵਾਸਤੇ 8 ਘੰਟੇ ਅਤੇ ਹੋਰ ਘਰੇਲੂ ਉਪਭੋਗਤਾਵਾਂ ਦੇ ਲਈ 24 ਘੰਟੇ ਬਿਜਲੀ ਸਪਲਾਈ ਦੇਣ ਦੇ ਨਾਲ ਇੰਡਸਟਰੀ ਲਈ ਬਿਜਲੀ ਦੇਣਾ ਚੁਣੌਤੀ ਬਣਿਆ ਹੋਇਆ ਹੈ।ਪਿਛਲੇ ਸੀਜ਼ਨ ਵਿੱਚ ਤਲਵੰਡੀ ਸਾਬੋ ਥਰਮਲ ਪਲਾਂਟ ਵਿੱਚ ਨੁਕਸ ਕਾਰਨ ਪਾਵਰਕਾਮ ਨੂੰ ਬਹੁਤ ਮੁਸ਼ਕਲ ਆਈ ਸੀ।

## ਕਰੋੜਾਂ ਰੁੱਪਏ ਹੜੱਪਣ ਵਾਲੀ ਡਾਕਖਾਨੇ ਦੀ ਮਹਿਲਾ ਏਜੰਟ ਦੇ ਖ਼ਿਲਾਫ਼ ਲੋਕ ਭੜਕੇ

ਰੂਪਨਗਰ, 21 ਮਾਰਚ (ਪੋਸਟ ਬਿਊਰੋ)- ਡਾਕਖਾਨਾ ਰੂਪਨਗਰ ਦੀ ਇੱਕ ਏਜੰਟ ਹਰਜੀਤ ਕੌਰ ਵੱਲੋਂ ਕਰੋੜਾਂ ਰੁਪਏ ਦੇ ਘਪਲਿਆਂ ਦੀ ਜਾਂਚ ਲਈ ਪੀੜਤ ਲੋਕ ਮਹਾਰਾਜਾ ਰਣਜੀਤ ਸਿੰਘ ਬਾਗ ਵਿੱਚ ਇਕੱਠੇ ਹੋਏ ਅਤੇ ਉਨ੍ਹਾਂ ਨੇ ਜ਼ਿਲ੍ਹਾ ਪੁਲਸ ਮੁਖੀ ਤੋਂ ਇਨਸਾਫ ਦਿਵਾਉਣ ਦੇ ਲਈ ਮੰਗ ਕੀਤੀ ਹੈ।

ਇਸ ਮੌਕੇ ਪੀੜਤ ਗੁਰਿੰਦਰ ਸਿੰਘ, ਸੋਹਣ ਸਿੰਘ, ਇਕਬਾਲ ਕੌਰ, ਪਰਮਿੰਦਰ ਕੌਰ ਨੇ ਕਿਹਾ ਕਿ ਏਜੰਟ ਹਰਜੀਤ ਕੌਰ ਨੇ ਸੈਂਕੜੇ ਲੋਕਾਂ ਦੀ ਆਰ ਡੀ, ਐਫ ਡੀ ਕੀਤੀ ਹੋਈ ਹੈ ਅਤੇ ਲਗਾਤਾਰ ਚਲ ਰਹੀ ਸੀ, ਪਰ ਹਰਜੀਤ ਕੌਰ ਨੇ ਖਾਤਾਧਾਰਕਾਂ ਨੂੰ ਲੋੜ ਪੈਣ ਉੱਤੇ ਪੈਸੇ ਦੇਣ ਲਈ ਕੀਤੇ ਜਾ ਰਹੇ ਟਾਲਮਟੋਲ ਤੋਂ ਸ਼ੱਕ ਹੋਇਆ ਤਾਂ ਉਨ੍ਹਾਂ ਨੇ ਡਾਕਖਾਨੇ ਜਾ ਕੇ ਪਤਾ ਕੀਤਾ। ਓਥੋਂ ਉਨ੍ਹਾਂ ਨੂੰ ਖਾਤੇ ਵਿੱਚ ਪੈਸੇ ਨਾ ਜਮ੍ਹਾ ਹੋਣ ਦਾ ਪਤਾ ਚਲਿਆ। ਪੁਲਸ ਨੇ 9 ਮਾਰਚ 2022 ਨੂੰ ਮਾਮਲਾ ਦਰਜ ਕਰ ਲਿਆ, ਪਰ ਦੋਸ਼ੀ ਅਜੇ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ। ਆਮ ਆਦਮੀ ਪਾਰਟੀ ਦੇ ਨੇਤਾ ਸੰਦੀਪ ਜੋਸ਼ੀ ਨੇ ਪੀੜਤਾਂ ਨੂੰ ਭਰੋਸਾ ਦਿੱਤਾ ਕਿ ਉਹ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੂੰ ਦੱਸ ਕੇ ਕਾਰਵਾਈ ਕਰਵਾਉਣਗੇ।

# ਡਰੱਗ ਕੇਸ ਵਿਚ ਬਿਕਰਮ ਮਜੀਠੀਏ ਖਿਲਾਫ ਜਾਂਚ ਲਈ ਜਾਂਚ ਟੀਮ ਦਾ ਪੁਨਰਗਠਨ

### * ਏ ਆਈ ਜੀ ਗੁਰਸ਼ਰਨ ਸਿੰਘ ਸੰਧੂ ਨੂੰ ਜਾਂਚ ਦੀ ਅਗਵਾਈ ਸੌਂਪੀ



ਚੰਡੀਗੜ੍ਹ, 21 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਖਿਲਾਫ ਚੱਲਦੇ ਨਸ਼ਾ ਤਸਕਰੀ ਦੇ ਕੇਸ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦਾ ਪੁਨਰਗਠਨ ਕੀਤਾ ਹੈ। ਇਹ ਉਨ੍ਹਾਂ ਵੱਲੋਂ ਪੁਲਸ ਬਾਰੇ ਪਹਿਲਾ ਹੁਕਮ ਹੈ ਜਿਸ ਦੇ ਤਹਿਤ ਉਨ੍ਹਾਂ ਨੇਐੱਸ ਆਈ ਟੀ ਦਾ ਮੁਖੀ ਬਦਲਣ ਤੋਂ ਇਲਾਵਾ ਨਵੇਂ ਮੈਂਬਰ ਇਸ ਵਿੱਚ ਸ਼ਾਮਲ ਕੀਤੇ ਹਨ।

ਮਿਲੀ ਸੂਚਨਾ ਅਨੁਸਾਰ ਐੱਸ ਆਈ ਟੀਦੀ ਅਗਵਾਈ ਅੱਗੇ ਤੋਂ ਏ ਆਈ ਜੀ ਗੁਰਸ਼ਰਨ ਸਿੰਘ ਸੰਧੂ ਕਰਨਗੇ, ਪਹਿਲਾਂ ਇਸ ਦੀ ਅਗਵਾਈ ਏ ਆਈ ਜੀ ਬਲਰਾਜ ਸਿੰਘ ਕਰ ਰਹੇ ਸਨ। ਨਵੀਂ ਟੀਮ ਵਿੱਚ ਡੀ ਐਸ ਪੀ ਰੈਂਕ ਦੇ ਦੋ ਅਧਿਕਾਰੀਆਂ ਤੋਂ ਇਲਾਵਾ ਏ ਆਈ ਜੀ ਰਾਹੁਲ ਐੱਸ ਅਤੇ ਰਣਜੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਪੁਰਾਣੀ ਐੱਸ ਆਈ ਟੀ ਦੇ ਮੁਖੀ ਬਲਰਾਜ ਸਿੰਘ ਪੁਲਸ ਵਿਭਾਗ ਅਤੇ ਆਪਣੇ ਬੇਟੇ ਦੀ ਬਿਨਾਂ ਵਾਰੀ ਤੋਂ ਤਰੱਕੀ ਕਾਰਨ ਵਿਵਾਦਾਂ ਵਿੱਚ ਆ ਗਏ ਸਨ। ਪਿਛਲੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਦੇ ਦੌਰਾਨ ਏ ਆਈ ਜੀ ਬਲਰਾਜ ਸਿੰਘ ਦੀ ਅਗਵਾਈ ਹੇਠ ਇਹ ਤਿੰਨ ਮੈਂਬਰੀ ਟੀਮ ਪਿਛਲੇ ਸਾਲ 20 ਦਸੰਬਰ ਨੂੰ ਐਨ ਡੀ ਪੀ ਐਸ ਐਕਟ ਦੀਆਂ ਵੱਖ-ਵੱਖ ਧਾਰਾਵਾਂ ਹੇਠ ਦਰਜ ਪੁਲਸ ਕੇਸ ਦੇ ਆਧਾਰ ਉੱਤੇਬਿਕਰਮ ਸਿੰਘ ਮਜੀਠੀਆ ਵਿਰੁੱਧ ਦੋਸ਼ਾਂ ਦੀ ਜਾਂਚ ਲਈ ਬਣਾਈ ਗਈ ਸੀ। ਇਹ ਪੁਲਸ ਕੇਸ ਸਪੈਸ਼ਲ ਟਾਸਕ ਫੋਰਸ (ਐਸ ਟੀ ਐਫ) ਦੇ ਮੁਖੀ ਅਤੇ ਐਡੀਸ਼ਨਲ ਡੀ ਜੀ ਪੀ ਹਰਪ੍ਰੀਤ ਸਿੰਘ ਸਿੱਧੂ ਦੀ ਜਾਂਚ ਰਿਪੋਰਟ ਉੱਤੇਦਰਜ ਹੋਇਆ ਸੀ। ਜਾਣਕਾਰ ਸੂਤਰਾਂ ਮੁਤਾਬਕ ਏ ਡੀ ਜੀ ਪੀ ਸਿੱਧੂ ਪੁਰਾਣੀ ਜਾਂਚ ਟੀਮ ਦੇ ਕੰਮ ਤੋਂ ਨਾਖੁਸ਼ ਸਨ ਅਤੇ ਉਨ੍ਹਾਂ ਇਸ ਬਾਰੇ ਉਚ ਅਧਿਕਾਰੀਆਂ ਨੂੰ ਦੱਸ ਦਿੱਤਾ ਸੀ। ਜਾਂਚ ਬਿਊਰੋ ਦੇ ਡਾਇਰੈਕਟਰ ਬੀ. ਚੰਦਰਸ਼ੇਖਰ ਨੇ ਨਵੀਂ ਐੱਸ ਆਈ ਟੀ ਬਣਾਉਣ ਦੇ ਹੁਕਮ ਜਾਰੀ ਕੀਤੇ ਹਨ।

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਬਿਕਰਮ ਸਿੰਘ ਮਜੀਠੀਆ ਦੇ ਖਿਲਾਫ ਨਸ਼ਿਆਂ ਬਾਰੇ ਦਰਜ ਕੇਸ ਉੱਤੇ ਖੁੱਲ੍ਹ ਕੇ ਕੋਈ ਗੱਲ ਨਹੀਂ ਕੀਤੀ, ਪਰ ਪਾਰਟੀ ਨੇ ਕਿਹਾ ਸੀ ਕਿ ਕਾਨੂੰਨ ਆਪਣਾ ਕੰਮ ਕਰੇਗਾ। ਇਹ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਉਲਟ ਰਣਨੀਤੀ ਸੀ ਜਦੋਂ ਆਪ ਨੇ ਮਜੀਠੀਆ ਨੂੰ ਨਸ਼ਾ ਤਸਕਰੀ ਵਿੱਚ ਭੂਮਿਕਾ ਲਈ ਨਿਸ਼ਾਨ ਬਣਾਇਆ ਸੀ। ਬਾਅਦ ਵਿੱਚ ਮਜੀਠੀਆ ਨੇ ਕੇਜਰੀਵਾਲ ਉੱਤੇ ਮਾਣਹਾਨੀ ਦਾ ਕੇਸ ਕੀਤਾ ਤਾਂ ਕੇਜਰੀਵਾਲ ਨੇ ਅੰਮ੍ਰਿਤਸਰ ਅਦਾਲਤ ਵਿੱਚ ਮੁਆਫੀ ਮੰਗ ਲਈ ਸੀ।

## ਚੋਣ ਹਾਰਨ ਵਾਲੇ ਸੱਤ ਕਾਂਗਰਸੀਆਂ ਵੱਲੋਂ ਨਵਜੋਤ ਸਿੱਧੂ ਨਾਲ ਮੀਟਿੰਗ

ਅੰਮ੍ਰਿਤਸਰ, 21 ਮਾਰਚ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕੱਲ੍ਹ ਕੁਝ ਕਾਂਗਰਸੀ ਆਗੂਆਂ ਨਾਲ ਮੀਟਿੰਗ ਕਰ ਕੇ ਪੰਜਾਬ ਕਾਂਗਰਸ ਨੂੰ ਮੁੜ ਲੀਹਾਂ ਉੱਤੇ ਲਿਆਉਣ ਦੀ ਚਰਚਾ ਛੇੜੀ ਹੈ। ਇਹ ਮੀਟਿੰਗ ਉਨ੍ਹਾਂ ਗੈਰ ਰਸਮੀ ਤੌਰ ਉੱਤੇ ਆਪਣੇ ਘਰ ਸੱਦੀ ਸੀ।

ਦੁਪਹਿਰ ਦੇ ਖਾਣੇ ਬਹਾਨੇ ਸੱਦੀ ਗਈ ਇਸ ਮੀਟਿੰਗ ਵਿੱਚ ਵਿਧਾਨ ਸਭਾ ਚੋਣ ਹਾਰਨ ਵਾਲੇ ਸੱਤ ਕਾਂਗਰਸੀ ਆਗੂ ਸ਼ਾਮਲ ਹੋਏ, ਜਿਨ੍ਹਾਂ ਵਿੱਚ ਨਵਜੋਤ ਸਿੰਘ ਸਿੱਧੂ ਤੋਂ ਬਿਨਾ ਪੰਜਾਬ ਕਾਂਗਰਸ ਦੇ ਵਰਕਿੰਗ ਪ੍ਰਧਾਨ ਸੁਖਵਿੰਦਰ ਸਿੰਘ ਡੈਨੀ ਬੰਡਾਲਾ, ਸੁਨੀਲ ਦੱਤੀ, ਸੁਰਜੀਤ ਧੀਮਾਨ, ਅਸ਼ਵਨੀ ਸੇਖੜੀ, ਜਗਵਿੰ-ਦਰਪਾਲ ਸਿੰਘ ਜੱਗਾ ਅਤੇ ਨਵਤੇਜ ਸਿੰਘ ਚੀਮਾ ਸ਼ਾਮਲ ਸਨ। ਨਵਜੋਤ ਸਿੰਘ ਸਿੱਧੂ ਨੇ ਇਨ੍ਹਾਂ ਆਗੂਆਂ ਨਾਲ ਆਪਣੀ ਇੱਕ ਫੋਟੋ ਸੋਸ਼ਲ ਮੀਡੀਆ ਉੱਤੇ ਸਾਂਝੀ ਕੀਤੀ ਹੈ। ਉਨ੍ਹਾਂ ਮੀਟਿੰਗ ਦੇ ਕੋਈ ਵੇਰਵੇ ਨਹੀਂ ਦਿੱਤੇ, ਪਰਮੀਟਿੰਗ ਵਿੱਚ ਸ਼ਾਮਲ ਆਗੂਆਂ ਮੁਤਾਬਕ ਸਿੱਧੂ ਨੇ ਉਨ੍ਹਾਂ ਨੂੰ ਦੁਪਹਿਰ ਦੇ ਖਾਣੇ ਉੱਤੇ ਆਪਣੇ ਘਰ ਸੱਦਿਆ ਸੀ, ਜਿੱਥੇ ਇਹ ਗੈਰ ਰਸਮੀ ਮੀਟਿੰਗ ਹੋਈ। ਡੈਨੀ ਬੰਡਾਲਾ ਨੇ ਦੱਸਿਆ ਕਿ ਮੀਟਿੰਗ ਵਿੱਚ ਕਾਂਗਰਸ ਨੂੰ ਮੁੜ ਲੀਹ ਉੱਤੇ ਲਿਆਉਣ ਦੀ ਚਰਚਾ ਹੋਈ ਹੈ, ਜਿਸ ਵਿੱਚ ਹਰੇਕ ਕਾਂਗਰਸੀ ਵਰਕਰ ਤੋਂ ਸਹਿਯੋਗ ਲੈਣ ਦਾ ਫੈਸਲਾ ਹੋਇਆ ਹੈ। ਸਾਬਕਾ ਵਿਧਾਇਕ ਸੁਨੀਲ ਦੱਤੀ ਨੇ ਦੱਸਿਆ ਕਿ ਮੀਟਿੰਗ ਵਿੱਚ ਵਿਚਾਰ ਹੋਈ ਕਿ ਪਾਰਟੀ ਹਾਈ ਕਮਾਨ ਜੋ ਆਦੇਸ਼ ਦੇਵੇਗੀ, ਉਸ ਉੱਤੇ ਚੱਲ ਕੇ ਕਾਂਗਰਸ ਦੀ ਮਜ਼ਬੂਤੀ ਦੇ ਯਤਨ ਕੀਤੇ ਜਾਣਗੇ। ਮੀਟਿੰਗ ਦੌਰਾਨ ਹਾਰ ਦੇ ਕਾਰਨਾਂ ਬਾਰੇ ਵੀ ਵਿਚਾਰ ਹੋਈ ਹੈ।ਪੰਜਾਬ ਵਿੱਚ ਕਾਂਗਰਸ ਦੀ ਨਮੋਸ਼ੀਜਨਕ ਹਾਰ ਪਿੱਛੋਂ ਕੁਲ ਹਿੰਦ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਦੇ ਆਦੇਸ਼ ਉੱਤੇਨਵਜੋਤ ਸਿੰਘ ਸਿੱਧੂ ਪ੍ਰਧਾਨਗੀ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਹਨ।

# ਆਪ ਪਾਰਟੀ ਦੀ ਸਰਕਾਰ ਵੱਲੋਂ ਇੱਕ ਵਿਧਾਇਕ-ਇੱਕ ਪੈਨਸ਼ਨ ਲਾਗੂ ਕਰਨ ਦੀ ਤਿਆਰੀ

ਚੰਡੀਗੜ੍ਹ, 21 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਅਗਲੇ ਹਫਤੇ ਇੱਕ ਵਿਧਾਇਕ-ਇੱਕ ਪੈਨਸ਼ਨ ਬਾਰੇ ਫੈਸਲਾ ਲੈ ਸਕਦੀ ਹੈ। ਇਸ ਫੈਸਲੇ ਦੇ ਨਾਲ ਸਾਬਕਾ ਵਿਧਾਇਕਾਂ ਨੂੰ ਵਿਧਾਨ ਸਭਾ ਦੀ ਹਰ ਟਰਮ ਦੀ ਮਿਲਦੀ ਵਾਧੂ ਪੈਨਸ਼ਨ ਬੰਦ ਕੀਤੀ ਜਾ ਸਕਦੀ ਹੈ ਤੇ ਇਸ ਬਾਰੇ ਮਿਲੀ ਜਾਣਕਾਰੀ ਅਨੁਸਾਰ ਇਸ ਫੈਸਲੇ ਨੂੰ ਆਖਰੀ ਛੋਹ ਦਿੱਤੀ ਜਾ ਰਹੀ ਹੈ।



ਜਾਣਕਾਰ ਸੂਤਰਾਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਇੱਕ ਵਿਧਾਇਕ-ਇੱਕ ਪੈਨਸ਼ਨ ਫਾਰਮੂਲਾ ਲਾਗੂ ਕਰਨ ਦੇ ਇਛੁੱਕ ਦੱਸੇ ਜਾ ਰਹੇ ਹਨ। ਇਨ੍ਹਾਂ ਸੂਤਰਾਂ ਅਨੁਸਾਰ ਇੱਕ ਵਾਰੀ ਵਿਧਾਇਕ ਰਹੇ ਆਗੂਨੂੰ ਪੰਜਾਬ ਵਿੱਚ 75,150 ਰੁਪਏ ਪੈਨਸ਼ਨ ਮਿਲਦੀ ਹੈ। ਜੇ ਕੋਈ ਜਣਾ ਦੋ ਵਾਰ ਵਿਧਾਇਕ ਰਹਿ ਜਾਵੇ ਤਾਂ ਉਸ ਨੂੰ 1.25 ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਿਲਦੀ ਹੈ। ਹਰ ਟਰਮ ਵਿੱਚ 50 ਹਜ਼ਾਰ ਰੁਪਏ ਦਾ ਵਾਧਾ ਜੁੜਦਾ ਜਾਂਦਾ ਹੈ, ਜੋ ਕਰੀਬ 66 ਫੀਸਦੀ ਬਣਦਾ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਦਲ ਨੇ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ਹੈ, ਪਰ 10 ਵਾਰੀ ਵਿਧਾਇਕ ਰਹੇ ਹੋਣ ਕਰ ਕੇ ਉਹ 5.25 ਲੱਖ ਰੁਪਏ ਪੈਨਸ਼ਨ ਦੇ ਹੱਕਦਾਰ ਹਨ।ਵਿਧਾਇਕ ਤੇ ਪਾਰਲੀਮੈਂਟ ਮੈਂਬਰ ਰਹਿ ਚੁੱਕੀਆਂ ਹਸਤੀਆਂ ਨੂੰ ਛੋਟ ਦਿੱਤੀ ਗਈ ਹੈ ਕਿ ਉਹ ਇੱਕੋ ਸਮੇਂ ਸਾਬਕਾ ਵਿਧਾਇਕ ਅਤੇ ਸਾਬਕਾ ਪਾਰਲੀਮੈਂਟ ਮੈਂਬਰ ਵਾਲੀ ਭਾਵ ਦੋਵੇਂ ਪੈਨਸ਼ਨਾਂਲੈਣ ਦਾ ਹੱਕ ਰੱਖਦੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਫੈਸਲਾ ਲੈ ਰਹੀ ਹੈ ਕਿ ਕੋਈ ਸਿਆਸੀ ਆਗੂ ਭਾਵੇਂ ਕਿੰਨੀ ਵਾਰ ਵੀ ਵਿਧਾਇਕ ਰਿਹਾ ਹੋਵੇ, ਉਸ ਨੂੰ ਸਾਬਕਾ ਵਿਧਾਇਕ ਵਾਲੀ ਪੈਨਸ਼ਨ ਸਿਰਫ 75,150 ਰੁਪਏ ਪ੍ਰਤੀ ਮਹੀਨਾ ਮਿਲੇਗੀ। ਇਹ ਸਰਕਾਰ ਇੱਕ ਵਿਧਾਇਕ-ਇੱਕ ਪੈਨਸ਼ਨ ਵਾਲਾ ਨਿਯਮ ਸਾਬਕਾ ਜਾਂ ਮੌਜੂਦਾ ਵਿਧਾਇਕਾਂ ਉੱਤੇ ਲਾਗੂ ਕਰਨ ਬਾਰੇ ਸੋਚ ਰਹੀ ਹੈ। ਮੁੱਖ ਮੰਤਰੀ ਦਾ ਇਹ ਫੈਸਲੇ ਸਿਰੇ ਚੜ੍ਹ ਗਿਆ ਤਾਂ ਇਸ ਨਾਲ ਸਰਕਾਰੀ ਖਜ਼ਾਨੇ ਨੂੰ ਸਾਹ ਆਵੇਗਾ। ਆਮ ਆਦਮੀ ਪਾਰਟੀ ਦੇ ਆਗੂ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ ਇੱਕ ਵਫਦ ਨੇ ਬੀਤੀ 17 ਅਗਸਤ 2021 ਨੂੰ ਪੰਜਾਬ ਵਿਧਾਨ ਸਭਾ ਦੇ ਉਸ ਵਕਤ ਦੇ ਸਪੀਕਰ ਨੂੰ ਇੱਕ ਮੰਗ ਪੱਤਰ ਦੇ ਕੇ ਸਾਬਕਾ ਵਿਧਾਇਕਾਂ ਨੂੰ ਸਿਰਫ ਇੱਕ ਪੈਨਸ਼ਨ ਦੇਣ ਦੀ ਮੰਗ ਪਹਿਲਾਂ ਵੀ ਉਠਾਈ ਸੀ।

ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ, ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਅਤੇ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ ਛੇ-ਛੇ ਵਾਰ ਵਿਧਾਇਕ ਰਹੇ ਹੋਣ ਕਰ ਕੇ ਉਨ੍ਹਾਂ ਦੀ ਪੈਨਸ਼ਨ 3.25 ਲੱਖ ਰੁਪਏ ਮਹੀਨਾ ਬਣਦੀ ਹੈ। ਜੇ ਨਵਾਂ ਫੈਸਲਾ ਲਾਗੂ ਹੋ ਗਿਆ ਤਾਂ ਬੀਬੀ ਭੱਠਲ ਨੂੰ 3.25 ਲੱਖ ਦੀ ਥਾਂ ਉੱਤੇ 75,150 ਰੁਪਏ ਹੀ ਪੈਨਸ਼ਨ ਮਿਲੇਗੀ। ਬਲਵਿੰਦਰ ਸਿੰਘ ਭੂੰਦੜ ਪੰਜ ਵਾਰ ਵਿਧਾਇਕ ਰਹੇ ਹਨ ਤੇ ਉਨ੍ਹਾਂ ਨੂੰ ਸਾਬਕਾ ਵਿਧਾਇਕ ਵਜੋਂ ਤਿੰਨ ਲੱਖ ਰੁਪਏ ਮਹੀਨਾ ਪੈਨਸ਼ਨ ਮਿਲਦੀ ਹੈ। ਸੁਖਦੇਵ ਸਿੰਘ ਢੀਂਡਸਾ ਨੂੰ ਸਵਾ ਦੋ ਲੱਖ ਰੁਪਏ ਪੈਨਸ਼ਨ ਮਿਲਦੀ ਹੈ। ਪੰਜਾਬ ਦੇ ਇਸ ਵੇਲੇ 325 ਵਿਧਾਇਕ ਹਨ, ਜਿਨ੍ਹਾਂ ਨੂੰ ਪੈਨਸ਼ਨ ਮਿਲ ਰਹੀ ਹੈ ਜਾਂ ਮਿਲਣੀ ਹੈ।

## ਮਾਸੜ ਨੇ ਭਣੇਵੀਂ ਨੂੰ ਬੋਰੇ ਵਿੱਚ ਬੰਦ ਕਰਕੇ ਖੇਤਾਂ ਵਿੱਚ ਜਾ ਸੁੱਟਿਆ

ਅੰਮ੍ਰਿਤਸਰ, 21 ਮਾਰਚ (ਪੋਸਟ ਬਿਊਰੋ)- ਪੁਲਸ ਥਾਣਾ ਲੋਪੋਕੇ ਦੇ ਪਿੰਡ ਸਾਰੰਗੜਾ ਵਿਖੇ ਰੰਜਿਸ਼ ਤਹਿਤ ਸੱਕੇ ਮਾਸੜ ਨੇ ਇੱਕ ਹੋਰ ਵਿਅਕਤੀ ਨਾਲ ਰਲ ਕੇ ਆਪਣੇ ਭਣੇਵੀਂ ਨੂੰ ਜਾਨੋ ਮਾਰਨ ਦੀ ਨੀਤ ਨਾਲ ਤੋੜੇ ਵਿੱਚ ਬੰਦ ਕਰਕੇ ਲੇਲੀਆਂ ਪਿੰਡ ਲਾਗੇ ਖੇਤਾਂ ਵਿੱਚ ਸੁੱਟ ਦਿੱਤਾ, ਜਿਸ ਦਾ ਪਤਾ ਲੱਗਣ ਉੱਤੇ ਉਸ ਦੀ ਜਾਨ ਬਚ ਗਈ।

ਰਾਹਗੀਰ ਬਲਰਾਜ ਸਿੰਘ ਤੇ ਸਵਰਨ ਸਿੰਘ ਵਾਸੀ ਸਾਰੰਗੜਾ ਨੇ ਦੱਸਿਆ ਕਿ ਜਦੋਂ ਅਸੀਂ ਉਨ੍ਹਾਂਲੋਕਾਂ ਉੱਤੇ ਸ਼ੱਕ ਕੀਤਾ ਤਾਂ ਇੱਕ ਜਣਾ ਭੱਜ ਗਿਆ ਅਤੇ ਦੂਸਰੇ ਗੁਰਦਿਤ ਸਿੰਘ ਨਾਂਅ ਦੇ ਵਿਅਕਤੀ ਨੂੰ ਅਸੀਂ ਫੜ ਲਿਆ ਤੇ ਜਦੋਂ ਉਨ੍ਹਾਂ ਵੱਲੋਂ ਖੇਤਾਂ ਵਿੱਚ ਸੁੱਟੇ ਤੋੜੇ ਨੂੰ ਖੋਲ੍ਹ ਕੇ ਵੇਖਿਆ ਤਾਂ ਉਸ ਵਿੱਚ 3/4 ਸਾਲ ਦੀ ਬੱਚੀਦਾ ਮੂੰਹ ਕੱਪੜੇ ਨਾਲ ਬੰਨ੍ਹਿਆ ਹੋਇਆ ਸੀ। ਫਿਰਉਸ ਬੱਚੀਨੂੰ ਬਾਹਰ ਕੱਢਿਆ ਗਿਆ। ਪੁੱਛਗਿੱਛ ਕਰਨ ਉੱਤੇ ਗੁਰਦਿੱਤ ਸਿੰਘ ਨੇ ਦੱਸਿਆ ਕਿ ਇਹ ਲੜਕੀ ਮੇਰੇ ਸਾਂਢੂ ਹਰਪ੍ਰੀਤ ਸਿੰਘ ਵਾਸੀ ਸਾਰੰਗੜਾ ਦੀ ਧੀ ਹੈ। ਮੇਰੇ ਭੂਆ ਦੇ ਮੁੰਡੇ ਘੁੰਗਰੀ ਨਾਲ ਬੀਤੇ ਦਿਨੀਂ ਹਰਪ੍ਰੀਤ ਦਾ ਝਗੜਾ ਹੋਇਆ ਸੀ। ਉਸ ਕੋਲੋਂ ਬਦਲਾ ਲੈਣ ਦੀ ਨੀਤ ਨਾਲ ਇਹ ਖੇਤਾਂ ਵਿੱਚ ਸੁੱਟੀ ਹੈ। ਰਾਹਗੀਰਾਂ ਨੇ ਲੜਕੀ ਨੂੰ ਪਿੰਡ ਜਾ ਕੇ ਉਸਦੀ ਮਾਂ ਨੂੰ ਸੌਂਪ ਦਿੱਤਾ ਤੇ ਦੋਸ਼ੀ ਗੁਰਦਿੱਤ ਸਿੰਘ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ।

Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਪੀ ਜੀ ਆਈ ਪ੍ਰਬੰਧਕਾਂ ਨੂੰ ਮਰੀਜ਼ ਨੂੰ ਸਾਢੇ ਦਸ ਲੱਖ ਰੁਪਏ ਮੁਆਵਜ਼ਾ ਦੇਣ ਦੇ ਹੁਕਮ

ਚੰਡੀਗੜ੍ਹ, 21 ਮਾਰਚ (ਪੋਸਟ ਬਿਊਰੋ)- ਉੱਤਰੀ ਭਾਰਤ ਦੇ ਸਭ ਤੋਂ ਵੱਡੇ ਹਸਪਤਾਲ ਪੀ ਜੀ ਆਈ ਚੰਡੀਗੜ੍ਹ ਵਿਰੁੱਧ ਆਈ ਸ਼ਿਕਾਇਤ ਦੀ ਸੁਣਵਾਈ ਪਿੱਛੋਂ ਚੰਡੀਗੜ੍ਹ ਸਟੇਟ ਕਮਿਸ਼ਨ ਨੇ ਪੀ ਜੀ ਆਈ ਨੂੰ ਇੱਕ ਮਰੀਜ਼ ਨੂੰ 10.50 ਲੱਖ ਰੁਪਏ ਮੁਆਵਜ਼ੇ ਵਜੋਂ ਦੇਣ ਦੇ ਹੁਕਮ ਜਾਰੀ ਕੀਤੇ ਹਨ।

ਪੀ ਜੀ ਆਈ ਦੇ ਵਿਰੁੱਧ ਉਤਰਾਖੰਡ ਦੇ ਆਯੁਸ਼ ਕਲਪਾਸੀ ਨੇ ਸ਼ਿਕਾਇਤ ਵਿੱਚ ਕਈ ਦੋਸ਼ ਲਾਏ ਤੇ ਦੱਸਿਆ ਕਿ ਉਹ ਪੀ ਜੀ ਆਈ ਵਿੱਚ ਇਲਾਜ ਲਈ ਦਾਖਲ ਹੋਇਆ ਸੀ, ਪਰ ਇਲਾਜ ਦੀ ਬਜਾਏ ਉਸਅਪਾਹਜ ਬਣਾ ਦਿੱਤਾ ਗਿਆ। ਉਸ ਨੇ ਦੱਸਿਆ ਕਿ ਚਾਰ ਅਪ੍ਰੈਲ 2018 ਨੂੰ ਹਾਦਸੇ ਦੌਰਾਨ ਉਸ ਦੇ ਪੈਰ ਵਿੱਚ ਫ੍ਰੈਕਚਰ ਆਇਆ ਸੀ। ਇਲਾਜ ਲਈ ਵਿਸ਼ਟ ਹਸਪਤਾਲ ਵਿੱਚ ਦਾਖਲ ਕਰਵਾਇਆ ਤਾਂ ਉਨ੍ਹਾਂ ਨੇ ਪਿਥੌਰਗੜ੍ਹ ਵਿਚਲੇ ਬੀ ਡੀ ਪਾਂਡੇ ਹਸਪਤਾਲ ਭੇਜਿਆ। ਉਸ ਮਗਰੋਂ ਉਨ੍ਹਾਂ ਨੂੰ ਨੌਂ ਅਪ੍ਰੈਲ 2018 ਨੂੰ ਪੀ ਜੀ ਆਈ ਨੂੰ ਰੈਫਰ ਕੀਤਾ ਗਿਆ ਸੀ। ਆਯੁਸ਼ ਨੇ ਦੱਸਿਆ ਕਿ 11 ਅਪ੍ਰੈਲ ਨੂੰ ਉਸ ਦੇ ਪੈਰ ਦੀ ਸਰਜਰੀ ਤੋਂ ਪਹਿਲਾਂ ਐਨਿਸਥੀਸੀਆ ਦਿੱਤਾ ਗਿਆ ਅਤੇ ਸਰਜਰੀ ਮਗਰੋਂ ਉਸ ਨੂੰ ਆਬਜ਼ਰਵੇਸ਼ਨ ਰੂਮ ਵਿੱਚ ਭੇਜ ਦਿੱਤਾ ਗਿਆ, ਪਰ ਪੀ ਜੀ ਆਈ ਮੁਲਾਜ਼ਮਾਂ ਨੇ ਉਸ ਰੂਮ ਵਿਚ ਹੀਟਰ ਆਨ ਛੱਡ ਦਿੱਤਾ। ਐਨਿਸਥੀਸੀਆ ਕਾਰਨ ਉਹ ਹੋਸ਼ ਵਿੱਚ ਨਹੀਂ ਸੀਅਤੇ ਉਸ ਦਾ ਹੱਥ ਹੀਟਰ ਦੀ ਲਪੇਟ ਵਿੱਚ ਆ ਜਾਣ ਕਾਰਨ ਉਸ ਦਾ ਹੱਥ ਬੁਰੀ ਤਰ੍ਹਾਂ ਝੁਲਸ ਗਿਆ। ਪੀ ਜੀ ਆਈ ਦੇ ਡਾਕਟਰਾਂ ਨੇ ਹੱਥ ਦਾ ਇਲਾਜ ਕਰ ਕੇ ਵੀਹ ਅਪ੍ਰੈਲ 2018 ਨੂੰ ਡਿਸਚਾਰਜ ਕਰ ਦਿੱਤਾ ਅਤੇ ਭਰੋਸਾ ਦਿੱਤਾ ਕਿ ਹੱਥ ਜਲਦੀ ਠੀਕ ਹੋ ਜਾਵੇਗਾ, ਪਰ ਉਹ 25 ਅਪ੍ਰੈਲ 2018 ਨੂੰ ਫਿਰ ਪੀ ਜੀ ਆਈ ਵਿੱਚ ਹੱਥ ਦੇ ਇਲਾਜ ਲਈ ਗਏ ਅਤੇ ਫਿਰ 15 ਮਈ 2018 ਨੂੰ ਪੀ ਜੀ ਆਈ ਪੁੱਜੇ ਤਾਂ ਜੋ ਹੱਥ ਦੀ ਪਲਾਸਟਿਕ ਸਰਜਰੀ ਹੋ ਸਕੇ। 10 ਜੁਲਾਈ ਨੂੰ ਫਿਰ ਹੱਥ ਦੇ ਇਲਾਜ ਲਈ ਪੀ ਜੀ ਆਈ ਪੁੱਜੇ, ਪਰ ਪਲਾ-ਸਟਿਕ ਸਰਜਰੀ ਮਗਰੋਂ ਵੀ ਕੋਈ ਫਰਕ ਨਹੀਂ ਪਿਆ।ਐਕਸਰੇ ਤੋਂ ਪਤਾ ਲੱਗਾ ਕਿ ਦੋ ਉਂਗਲਾਂ ਦੇ ਜੋੜ ਵੱਖ-ਵੱਖ ਹੋ ਗਏ ਹਨ। ਪੀ ਜੀ ਆਈ ਨੇ ਜਵਾਬ ਵਿੱਚ ਕਿਹਾ ਕਿ ਅਪ੍ਰੈਲ ਮਹੀਨੇ ਪੀ ਜੀ ਆਈ ਵਿੱਚ ਹੀਟਰ ਨਹੀਂ ਚੱਲਦੇ, ਸਾਰੇ ਦੋਸ਼ ਬੇਬੁਨਿਆਦ ਹਨ, ਪਰ ਦੋਵਾਂ ਧਿਰਾਂ ਨੂੰ ਸੁਣਦੇ ਹੋਏ ਕਮਿਸ਼ਨ ਨੇ ਪੀ ਜੀ ਆਈ ਨੂੰ 10.50 ਲੱਖ ਰੁਪਏ ਮੁਆਵਜ਼ਾ ਭਰਨ ਦੇ ਹੁਕਮ ਕੀਤੇ ਹਨ।

## ਆਪ ਪਾਰਟੀ ਵਿਧਾਇਕ ਦਾ ਪੀ ਏ ਬਣ ਕੇ ਹਥਿਆਰ ਖ਼ਰੀਦਣ ਲਈ 1 ਕਰੋੜ ਰੁਪਏ ਮੰਗ ਲਏ

ਤਰਨਤਾਰਨ, 21 ਮਾਰਚ (ਪੋਸਟ ਬਿਊਰੋ)- ਇਸ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦਾ ਪੀ ਏ ਬਣ ਕੇ ਇੱਕ ਠੱਗ ਨੇ ਇੱਕ ਐਨ ਆਰ ਆਈ ਪਾਸੋਂ ਹਥਿਆਰਾਂ ਲਈ ਇੱਕ ਕਰੋੜ ਰੁਪਏ ਮੰਗ ਲਏ ਤਾਂ ਪਤਾ ਲੱਗਣ ਉੱਤੇ ਉਸ ਦੇ ਖ਼ਿਲਾਫ਼ ਧੋਖਾਧੜੀ ਅਤੇ ਹੋਰ ਧਾਰਾਵਾਂ ਦਾਕੇਸ ਦਰਜ ਕੀਤਾ ਗਿਆ ਹੈ।

ਇੱਕ ਕਰੋੜ ਰੁਪਏ ਮੰਗਣ ਲਈ ਕੀਤੀ ਗੱਲਬਾਤ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਤੋਂ ਬਾਅਦ ਐਸ ਐਸ ਪੀ ਤਰਨ ਤਾਰਨ ਦੇ ਹੁਕਮਾਂ ਉੱਤੇਆਪਣੇ ਆਪ ਨੂੰ ਪੀ ਏ ਕਹਿਣ ਵਾਲੇ ਠੱਗ ਉੱਤੇ ਛਾਪੇਮਾਰੇ ਜਾ ਰਹੇ ਹਨ। ਜਤਿੰਦਰ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਇਕਬਾਲ ਐਵੀਨਿਊ ਤਰਨਤਾਰਨ ਨੇ ਦੱਸਿਆ ਕਿ ਉਹ ਐਨ ਆਰ ਆਈ ਹੈ। ਉਸਦੇ ਮੋਬਾਈਲ ਨੰਬਰ ਉੱਤੇ ਫ਼ੋਨ ਕਰਨ ਵਾਲੇ ਵਿਅਕਤੀ ਨੇ ਆਪਣਾ ਨਾਂਅ ਜਤਿੰਦਰ ਸਿੰਘ ਦੱਸਦਿਆਂ ਆਪਣੇ ਆਪ ਨੂੰ ਤਰਨਤਾਰਨ ਤੋਂ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦਾ ਪੀ ਏ ਦੱਸ ਕੇ ਹਥਿਆਰ ਖਰੀਦਣ ਦੇ ਲਈ ਇੱਕ ਕਰੋੜ ਰੁਪਏ ਦੀ ਮੰਗ ਕੀਤੀ। ਉਸ ਵਿਅਕਤੀ ਨੇ ਕਿਹਾ ਕਿ ਉਹ ਨਵੇਂ-ਨਵੇਂ ਵਿਧਾਇਕ ਬਣੇ ਹਨ ਅਤੇ ਉਨ੍ਹਾਂ ਨੂੰ ਹਥਿਆਰਾਂ ਦੀ ਲੋੜ ਹੈ ਅਤੇ ਜਾਇਜ਼-ਨਾਜਾਇਜ਼ ਹਥਿਆਰ ਚਾਹੀਦੇ ਹਨ। ਜਤਿੰਦਰ ਸਿੰਘ ਨੇ ਦੱਸਿਆ ਕਿ ਹਥਿਆਰਾਂ ਲਈ ਪੈਸੇ ਮੰਗਣ ਵਾਲੇ ਵਿਅਕਤੀ ਦੀ ਪਛਾਣ ਬਾਅਦ ਵਿੱਚ ਅਖਤਿਆਰ ਸਿੰਘ ਉਰਫ਼ ਕਾਕਾ ਪੁੱਤਰ ਮੱਖਣ ਸਿੰਘ ਵਾਸੀ ਅੰਮ੍ਰਿਤਸਰ ਰੋਡ, ਬਸੰਤ ਐਵੀਨਿਊ, ਤਰਨਤਾਰਨ ਵਜੋਂ ਹੋਈ। ਦੂਸਰੇ ਪਾਸੇ, ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਜੇ ਕੋਈ ਵਿਅਕਤੀ ਉਨ੍ਹਾਂ ਦਾ ਨਾਂਅ ਲੈ ਕੇ ਕਿਸੇ ਤੋਂ ਕੋਈ ਪੈਸਾ ਜਾਂ ਹੋਰ ਕੰਮ ਕਰਨ ਲਈ ਦਬਾਅ ਪਾਉਂਦਾ ਹੈ ਤਾਂ ਇਹ ਤੁਰੰਤ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ।

# ਅਗਲੀਆਂ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਲਈ 'ਕਸ਼ਮੀਰ ਫ਼ਾਈਲਜ਼' ਉਭਾਰੀ ਹੈ ਭਾਜਪਾ ਨੇ: ਸੰਜੇ ਰਾਉਤ

### * ਫ਼ਿਲਮ ਵਿੱਚ ਕਈ ਸੱਚ ਲੁਕਾਉਣ ਦਾ ਦੋਸ਼

ਮੁੰਬਈ, 21 ਮਾਰਚ (ਪੋਸਟ ਬਿਉਰੋ)- ਸ਼ਿਵ ਸੈਨਾ ਪਾਰਲੀਮੈਂਟ ਮੈਂਬਰ ਸੰਜੇ ਰਾਉਤ ਨੇ ਕੱਲ੍ਹ ਭਾਰਤੀ ਜਨਤਾ ਪਾਰਟੀ ਉੱਤੇ ਗੁਜ਼ਰਾਤ ਤੇ ਰਾਜਸਥਾਨ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵੱਲ ਆਪਣੀ ਅੱਖ ਰੱਖ ਕੇ ਫ਼ਿਲਮ 'ਦਿ ਕਸ਼ਮੀਰ ਫ਼ਾਈਲਜ਼' ਦਾ ਪ੍ਰਚਾਰ ਕਰਨ ਦਾ ਦੋਸ਼ ਲਾਇਆ ਅਤੇ ਸਾਫ ਕਿਹਾ ਕਿ ਇਸ ਫ਼ਿਲਮ ਵਿੱਚ ਕਈ 'ਕੌੜੀਆਂ ਸੱਚਾਈਆਂ' ਨੂੰ ਦਬਾਉਣ ਅਤੇ ਤੱਥਾਂ ਨੂੰ ਮਰੋੜਨ ਦੀ ਕੋਸ਼ਿਸ਼ ਕੀਤੀ ਗਈ ਹੈ।



ਸੰਜੇ ਰਾਉਤ ਨੇ ਸ਼ਿਵ ਸੈਨਾ ਦੇ ਅਖਬਾਰ 'ਸਾਮਨਾ' ਵਿੱਚ ਆਪਣੇ ਵੀਕਲੀ ਕਾਲਮ 'ਰੋਕ-ਟੋਕ' ਵਿੱਚ ਲਿਖਿਆ ਕਿ ਕਸ਼ਮੀਰ ਵਿੱਚ ਉਜਾੜੇ ਜਾ ਚੁੱਕੇ ਕਸ਼ਮੀਰੀ ਪੰਡਤਾਂ ਦੀ ਵਾਪਸੀ ਯਕੀਨੀ ਕਰਨਾ ਭਾਜਪਾ ਦਾ ਵਾਅਦਾ ਸੀ, ਪਰ 370 ਧਾਰਾ ਦੇ ਰੱਦ ਹੋਣ ਦੇ ਬਾਵਜੂਦ ਅਜਿਹਾ ਨਹੀਂ ਹੋਇਆ। ਸ਼ਿਵ ਸੈਨਾ ਐਮ ਪੀ ਨੇ ਪੁੱਛਿਆ ਕਿ ਇਹ ਕਿਸ ਦੀ ਨਾਕਾਮੀ ਹੈ।ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਦਿ ਕਸ਼ਮੀਰ ਫ਼ਾਈਲਜ਼' ਦਾ ਮੁੱਖ ਪ੍ਰਚਾਰਕ ਵੀ ਕਰਾਰ ਦਿੱਤਾ। ਭਾਜਪਾ ਉੱਤੇ ਨਿਸ਼ਾਨਾ ਕੱਸਦੇ ਹੋਏ ਸੰਜੇ ਰਾਉਤ ਨੇ ਪੁੱਛਿਆ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਨੂੰ ਭਾਰਤ ਵਿੱਚ ਸ਼ਾਮਲ ਕਰਨ ਦੇ ਪਾਰਟੀ ਦੇ ਵਾਅਦੇ ਦਾ ਕੀ ਹੋਇਆ?ਰਾਉਤ ਨੇ ਕਿਹਾ,''ਕਸ਼ਮੀਰ ਤੋਂ ਹਿੰਦੂ ਪੰਡਤਾਂ ਦੀ ਹਿਜਰਤ, ਉਨ੍ਹਾਂ ਦਾ ਕਤਲੇਆਮ, ਉਨ੍ਹਾਂ ਉੱਤੇ ਕੀਤੇ ਗਏ ਜ਼ੁਲਮਾਂ ਅਤੇ ਉਨ੍ਹਾਂ ਦੇ ਗੁੱਸੇ ਉੱਤੇ ਆਧਾਰਤ ਫ਼ਿਲਮ ਪ੍ਰੇਸ਼ਾਨ ਕਰਦੀ ਹੈ, ਪਰ ਇਸ ਤੋਂ ਵੱਧ ਪ੍ਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ ਫ਼ਿਲਮ ਨਾਲ ਹਿੰਦੂ-ਮੁਸਲਮਾਨਾਂ ਨੂੰ ਫਿਰ ਵੰਡਣ ਅਤੇ ਚੋਣ ਜਿੱਤਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।'' ਸੰਜੇ ਰਾਉਤ ਨੇ ਦੋਸ਼ ਲਾਇਆ ਕਿ 'ਦਿ ਕਸ਼ਮੀਰ ਫ਼ਾਈਲਜ਼' ਗੁਜਰਾਤ ਅਤੇ ਰਾਜਸਥਾਨ ਵਰਗੇ ਰਾਜਾਂ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਨੂੰ ਜਿੱਤਣ ਦੇ ਮਕਸਦ ਲਈ ਰੀਲੀਜ਼ ਕੀਤੀ ਗਈ ਹੈ।

# ਇਮਰਾਨ ਦੇ ਵਿਰੁੱਧ ਬੇਭਰੋਸਗੀ ਮਤੇ ਉਤੇ 25 ਨੂੰ ਨੈਸ਼ਨਲ ਅਸੈਂਬਲੀ ਬਹਿਸ ਕਰੇਗੀ

ਇਸਲਾਮਾਬਾਦ, 21 ਮਾਰਚ (ਪੋਸਟ ਬਿਉਰੋ)- ਪਾਕਿਸਤਾਨ ਵਿੱਚ ਨੈਸ਼ਨਲ ਅਸੈਂਬਲੀ ਦੇ ਸਪੀਕਰ ਅਸਦ ਕੈਸਰ ਨੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵਿਰੁੱਧ ਬੇਭਰੋਸਗੀ ਮਤੇ ਉੱਤੇ ਵਿਚਾਰ ਕਰਨ ਲਈ 25 ਮਾਰਚ ਨੂੰ ਪਾਰਲੀਮੈਂਟ ਸੈਸ਼ਨ ਬੁਲਾਉਣ ਦਾ ਐਲਾਨ ਕੀਤਾ ਹੈ, ਜਿਸ ਦੌਰਾਨ ਇਸ ਮਤੇ ਉੱਤੇ ਬਹਿਸ ਕੀਤੀ ਜਾਵੇਗੀ।

ਵਰਨਣ ਯੋਗ ਹੈ ਕਿ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਕਰੀਬ 100 ਪਾਰਲੀਮੈਂਟ ਮੈਂਬਰਾਂ ਨੇ 8 ਮਾਰਚ ਨੂੰ ਨੈਸ਼ਨਲ ਅਸੈਂਬਲੀ ਸੈਕਟਰੀਏਟ ਨੂੰ ਬੇਭਰੋਸਗੀ ਮਤਾ ਸੌਂਪਿਆ ਸੀ।ਇਸ ਵਿੱਚ ਦੋਸ਼ ਲਾਇਆ ਗਿਆ ਕਿ ਇਮਰਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਸਰਕਾਰ ਦੇਸ਼ ਵਿੱਚ ਆਰਥਿਕ ਸੰਕਟ ਤੇ ਮਹਿੰਗਾਈ ਲਈ ਜ਼ਿੰਮੇਵਾਰ ਹੈ। ਸੈਕਟਰੀਏਟ ਨੇ ਕੱਲ੍ਹ ਨੋਟੀਫ਼ਿਕੇਸ਼ਨ ਜਾਰੀ ਕਰ ਕੇ ਅਹਿਮ ਸੈਸ਼ਨ ਬਾਰੇ ਸਥਿਤੀ ਸਾਫ ਕਰ ਦਿੱਤੀ ਹੈ। ਵਿਰੋਧੀ ਧਿਰ ਨੇ ਕਾਨੂੰਨੀ ਲੋੜਾਂ ਦੇ ਮੁਤਾਬਕ 21 ਮਾਰਚ ਤਕ ਸੈਸ਼ਨ ਬੁਲਾਉਣ ਦੀ ਮੰਗ ਕੀਤੀ ਸੀ ਅਤੇ ਨੋਟੀਫ਼ਿਕੇਸ਼ਨ ਮੁਤਾਬਕ ਇਹ ਮੌਜੂਦਾ ਨੈਸ਼ਨਲ ਅਸੈਂਬਲੀ ਦਾ 41ਵਾਂ ਸੈਸ਼ਨ ਹੋਵੇਗਾ।ਸਪੀਕਰ ਨੇ ਸੰਵਿਧਾਨ ਦੀ ਧਾਰਾ 54 (3) ਅਤੇ 254 ਤਹਿਤ ਮਿਲੀ ਸ਼ਕਤੀ ਤਹਿਤ ਸੈਸ਼ਨ ਬੁਲਾਇਆ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ 14 ਦਿਨਾਂ ਦੇ ਅੰਦਰ ਸੈਸ਼ਨ ਬੁਲਾਇਆ ਜਾਣਾ ਚਾਹੀਦਾ ਹੈ ਪਰ ਗ੍ਰਹਿ ਮੰਤਰੀ ਸ਼ੇਖ ਰਸ਼ੀਦ ਨੇ ਪ੍ਰੈਸ ਕਾਨਫ਼ਰੰਸ ਵਿੱਚ ਕਿਹਾ ਕਿ ਵਿਸ਼ੇਸ਼ ਸਥਿਤੀਆਂ ਕਾਰਨ ਇਸ ਵਿੱਚ ਦੇਰੀ ਹੋ ਸਕਦੀ ਹੈ।



# ਸੀ ਆਈ ਐਸ ਐਫ ਅੱਗੇ ਤੋਂ ਸਾਬਕਾ ਫੌਜੀਆਂ ਦੀ ਭਰਤੀ ਬੰਦ ਕਰਨ ਦੀ ਚਾਹਵਾਨ

ਨਵੀਂ ਦਿੱਲੀ, 21 ਮਾਰਚ (ਪੋਸਟ ਬਿਊਰੋ)- ਭਾਰਤ ਦੀ ਕੇਂਦਰੀ ਉਦਯੋਗਿਕ ਸੁਰੱਖਿਆ ਫੋਰਸ (ਸੀ ਆਈ ਐਸ ਐਫ) ਵੱਲੋਂ ਬਿਨਾਂ ਹਥਿਆਰ ਵਾਲੀ ਡਿਊਟੀ ਕਰਨ ਲਈ ਤਜਰਬੇ ਵਜੋਂ ਕਰੀਬ 1700 ਸਾਬਕਾ ਫੌਜੀਆਂ ਦੀ ਭਰਤੀ ਨੂੰ ਕੁਝ ਖਾਸ ਹਮਾਇਤ ਨਹੀਂ ਮਿਲ ਰਹੀ ਅਤੇ ਉਸ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਉਨ੍ਹਾਂ ਸਾਰਿਆਂ ਦਾ ਕੰਟੈਰਕਟ ਖਤਮ ਕਰਨ ਦੀ ਬੇਨਤੀ ਕੀਤੀ ਹੈ, ਜਿਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ।



ਕੇਂਦਰੀ ਗ੍ਰਹਿ ਮੰਤਰਾਲੇ ਨੇ ਪਿਛਲੇ ਸਾਲ ਸੀ ਆਈ ਐਸ ਐਫ ਨੂੰ ਕਿਹਾ ਸੀ ਕਿ ਉਹ ਥਰਮਲ ਬਿਜਲੀ ਘਰਾਂ ਅਤੇ ਕੋਲ ਉਤਪਾਦਨ ਪਲਾਂਟਾਂ ਸਮੇਤ ਦੇਸ਼ ਵਿੱਚ ਆਪਣੇ 13 ਸੁਰੱਖਿਆ ਯੂਨਿਟਾਂ ਵਿੱਚ 'ਨਾਨ ਕੋਰ' ਡਿਊਟੀ ਲਈ ਦੋ ਹਜ਼ਾਰ ਸਾਬਕਾ ਫੌਜੀਆਂ ਦੀ ਭਰਤੀ ਬਾਰੇ ਵਿਚਾਰ ਕਰੇ। ਇਨ੍ਹਾਂ ਸਾਬਕਾ ਫੌਜੀਆਂ ਦੀ ਭਰਤੀ ਠੇਕੇ ਉੱਤੇ ਇੱਕ ਸਾਲ ਲਈ ਕੀਤੀ ਜਾਣੀ ਸੀ ਅਤੇ ਉਸ ਤੋਂ ਬਾਅਦ ਇਹ ਠੇਕਾ ਇੱਕ-ਇੱਕ ਸਾਲ ਲਈ ਦੋ ਵਾਰ ਵਧਾਇਆ ਜਾ ਸਕਦਾ ਸੀ। ਇਸ ਭਰਤੀ ਦਾ ਮਕਸਦ ਸਾਬਕਾ ਫੌਜੀਆਂ ਦੀ ਮਦਦ ਅਤੇ ਪੁਨਰਵਾਸ ਅਤੇ ਸੁਰੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੇ ਤਜਰਬੇ ਦਾ ਲਾਹਾ ਲੈਣਾ ਸੀ।ਸੀ ਆਈ ਐਸ ਐਫ ਦੀ ਮੁੱਖ ਜ਼ਿੰਮੇਵਾਰੀ ਹਵਾਈ ਅੱਡਿਆਂ, ਐਟਮੀ ਪਲਾਂਟਾਂ ਅਤੇ ਏਅਰੋਸਪੇਸ ਯੂਨਿਟਾਂ ਦੇ ਨਾਲ ਸਰਕਾਰੀ ਤੇ ਨਿੱਜੀ ਖੇਤਰ ਦੇ ਵੱਖ-ਵੱਖ ਅਹਿਮ ਟਿਕਾਣਿਆਂ ਦੀ ਸੁਰੱਖਿਆ ਕਰਨਾ ਹੈ। ਉਨ੍ਹਾਂ ਪਿਛਲੇ ਸਾਲ ਮਾਰਚ ਵਿੱਚ ਇਸ਼ਤਿਹਾਰ ਜਾਰੀ ਕਰ ਕੇ ਸਬ ਇੰਸਪੈਕਟਰ, ਏ ਐਸ ਆਈ, ਹੈਡ ਕਾਂਸਟੇਬਲ ਅਤੇ ਕਾਂਸਟੇਬਲ ਰੈਂਕ ਦੇ ਲਈ ਸਾਬਕਾ ਫੌਜੀਆਂ ਵਾਸਤੇ ਦੋ ਹਜ਼ਾਰ ਆਸਾਮੀਆਂ ਕੱਢੀਆਂ ਸਨ, ਪਰ ਇਹ ਤਜਰਬਾ ਕਾਮਯਾਬ ਨਹੀਂ ਰਿਹਾ।

## ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਜਗਨ ਨਾਥ ਮੰਦਰ ਮੈਨੇਜਮੈਂਟ ਉੱਤੇ ਕੇਸ ਦਰਜ

ਪੁਰੀ, 21 ਮਾਰਚ (ਪੋਸਟ ਬਿਉਰੋ)- ਭਾਰਤ ਦੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਓਡਿਸ਼ਾ ਦੇ ਸ਼ਹਿਰ ਪੁਰੀ ਦੇ ਜਗਨ ਨਾਥ ਮੰਦਰ ਦੀ ਮੈਨੇਜਮੈਂਟ ਦੇ ਖ਼ਿਲਾਫ਼ ਸ਼ਰਧਾਲੂਆਂ ਨੂੰ ਬਿਨਾਂ ਸਹੂਲਤ ਦੇ ਸਖ਼ਤ ਧੁੱਪ ਵਿੱਚ ਲੰਬੀਆਂਲਾਈਨਾਂ ਵਿੱਚ ਖੜ੍ਹਾ ਰੱਖਣ ਦੇ ਕਾਰਨ ਇੱਕ ਕੇਸ ਦਰਜ ਕੀਤਾ ਹੈ।



ਪੁਰੀ ਵਿਕਾਸ ਪਰੀਸ਼ਦ ਦੇ ਸੀਨੀਅਰ ਆਗੂ ਜਗਨ ਨਾਥ ਬਸਤੀਆਂ ਦੀ ਸ਼ਿਕਾਇਤ ਉੱਤੇ ਇਹ ਕੇਸ ਦਰਜ ਕੀਤਾ ਗਿਆ ਹੈ। ਉਸ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਮੰਦਰ ਮੈਨੇਜਮੈਂਟ ਦੀ ਲਾਪਰਵਾਹੀ ਨਾਲ ਲੱਖਾਂ ਸ਼ਰਧਾਲੂਆਂ ਨੂੰ ਜਗਨ ਨਾਥ ਮੰਦਰ ਵਿੱਚ ਦਰਸ਼ਨ ਕਰਨ ਤੋਂ ਪਹਿਲਾਂ ਰੋਜ਼ ਕਸ਼ਟ ਭੋਗਣਾ ਪੈਂਦਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਮੰਦਰ ਵਿੱਚ ਭਗਵਾਨ ਦੇ ਦਰਸ਼ਨ ਦੇ ਲਈ ਘੰਟਿਆਂ ਤਕ ਤਪਦੇ ਸੂਰਜ ਦੇ ਥੱਲੇ ਖੜ੍ਹੇ ਰਹਿਣਾ ਪੈਂਦਾ ਹੈ। ਆਪਣੀ ਅਰਜ਼ੀ ਵਿੱਚ ਉਸ ਨੇ ਕਿਹਾ ਕਿ ਮੰਦਰ ਮੈਨੇਜਮੈਂਟ, ਜ਼ਿਲ੍ਹਾ ਐਡਮਨਿਸਟ੍ਰੇਸ਼ਨ ਅਤੇ ਨਗਰ ਪਾਲਿਕਾ ਵਿੱਚੋਂ ਕਿਸੇ ਨੇ ਵੀ ਸ਼ਰਧਾਲੂਆਂ ਨੂੰ ਰਾਹਤ ਦੇਣ ਲਈ ਅਸਥਾਈ ਛੱਤ ਦਾ ਪ੍ਰਬੰਧ ਨਹੀਂ ਕੀਤਾ, ਜਦ ਕਿ ਕਈ ਵਾਰ ਮੰਦਰ ਦੀਆਂ ਲਾਈਨਾਂ 1.5 ਕਿਲੋਮੀਟਰ ਤਕ ਲੰਬੀਆਂ ਹੋ ਜਾਂਦੀਆਂ ਹਨ।ਇਸਦੇ ਇਲਾਵਾ ਖੜ੍ਹੇ ਸ਼ਰਧਾਲੂਆਂ ਨੂੰ ਪੀਣ ਦਾ ਪਾਣੀ ਤੱਕ ਵੀ ਨਹੀਂ ਮਿਲਦਾ। ਭਗਵਾਨ ਜਗਨ ਨਾਥ, ਉਨ੍ਹਾਂ ਦੇ ਵੱਡੇ ਭਰਾ ਬਲਭਦਰ ਤੇ ਉਨ੍ਹਾਂ ਦੀ ਭੈਣ ਦੇਵੀ ਸੁਭਦਰਾ ਦੇ ਦਰਸ਼ਨਾਂ ਲਈ ਮੰਦਰ ਆਏ ਸੀਨੀਅਰ ਨਾਗਰਿਕਾਂ, ਅਪਾਹਜਾਂ ਅਤੇ ਬਜ਼ੁਰਗ ਮਹਿਲਾਵਾਂ ਦੇ ਲਈ ਵੀ ਬਹੁਤ ਘੱਟ ਪ੍ਰਬੰਧਹਨ।

# ਜ਼ੇਲੈਂਸਕੀ ਵੱਲੋਂ ਰੂਸ ਨਾਲ ਰਿਸ਼ਤੇ ਰੱਖਦੀਆਂ 11 ਪਾਰਟੀਆਂ ਸਸਪੈਂਡ

ਕੀਵ, 21 ਮਾਰਚ (ਪੋਸਟ ਬਿਊਰੋ)- ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਰੂਸ ਨਾਲ ਰਿਸ਼ਤੇ ਰੱਖਣ ਵਾਲੀਆਂ 11 ਸਿਆਸੀ ਪਾਰਟੀਆਂ ਦੀਆਂ ਸਰਗਰਮੀਆਂ ਨੂੰ ਕੱਲ੍ਹ ਸਸਪੈਂਡ ਕਰਨ ਦਾ ਹੁਕਮ ਦਿੱਤਾ ਹੈ।



ਇਸ ਮੌਕੇ ਜ਼ੇਲੈਂਸਕੀ ਨੇ ਕਿਹਾ ਕਿ ਯੂਕਰੇਨ ਦੇ ਤੱਟੀ ਸ਼ਹਿਰ ਮਾਰੀਪੋਲ ਦੀ ਰੂਸੀ ਫੌਜ ਵੱਲੋਂ ਕੀਤੀ ਘੇਰਾਬੰਦੀ ਨੂੰ ਇਤਿਹਾਸ ਵਿੱਚ ਜੰਗੀ ਅਪਰਾਧ ਕਿਹਾ ਜਾਵੇਗਾ।ਯੂਕਰੇਨ ਦੇ ਰਾਸ਼ਟਰਪਤੀ ਨੇ ਜਿਨ੍ਹਾਂ ਪਾਰਟੀਆਂ ਦੀਆਂ ਸਰਗਰਮੀਆਂ ਨੂੰ ਸਸਪੈਂਡ ਕਰਨ ਦਾ ਹੁਕਮ ਦਿੱਤਾ ਹੈ, ਉਨ੍ਹਾਂ ਵਿੱਚ ਸਭ ਤੋਂ ਵੱਡੀ ਆਪੋਜ਼ੀਸ਼ਨ ਪਲੇਟਫਾਰਮ ਆਫ ਲਾਈਫ ਹੈ। ਉਸ ਕੋਲ 450 ਮੈਂਬਰੀ ਯੂਕਰੇਨੀ ਪਾਰਲੀਮੈਂਟ ਵਿੱਚ 11 ਮੈਂਬਰ ਹਨ। ਪਾਰਟੀ ਆਗੂ ਵਿਕਟਰ ਮਦਵੇਦਚੁਕ ਦੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਚੰਗੇ ਸੰਬੰਧ ਹਨ। ਪੁਤਿਨ ਉਸ ਦੀ ਧੀ ਦੇ ਗੌਡਫਾਦਰ ਹਨ। ਸੂਚੀ ਵਿੱਚ ਯੇਵਨੀ ਮੁਰਾਯੇਵ ਦੀ ਅਗਵਾਈ ਵਾਲੀ ਨਾਸ਼ੀ (ਸਾਡੀ) ਪਾਰਟੀ ਵੀ ਹੈ। ਰੂਸੀ ਹਮਲੇ ਤੋਂ ਪਹਿਲਾਂ ਬ੍ਰਿਟਿਸ਼ ਅਧਿਕਾਰੀਆਂ ਨੇ ਚੌਕਸ ਕੀਤਾ ਸੀ ਕਿ ਰੂਸ ਮੁਰਾਯੇਵ ਨੂੰ ਯੂਕਰੇਨ ਦਾ ਆਗੂ ਬਣਾਉਣਾ ਚਾਹੁੰਦਾ ਹੈ।

ਇੱਕ ਵੀਡੀਓ ਸੰਬੋਧਨ ਵਿੱਚ ਜ਼ੇਲੈਂਸਕੀ ਨੇ ਕਿਹਾ, ''ਰੂਸ ਵੱਲੋਂ ਸ਼ੁਰੂ ਕੀਤੀ ਜੰਗ ਤੇ ਉਸ ਦੇ ਨਾਲ ਕੁਝ ਸਿਆਸੀ ਪਾਰਟੀਆਂ ਦੇ ਰਿਸ਼ਤਿਆਂ ਨੂੰ ਦੇਖਦੇ ਹੋਏ ਅਜਿਹੀਆਂ ਪਾਰਟੀਆਂ ਦੀਆਂ ਸਰਗਰਮੀਆਂ ਨੂੰ ਮਾਰਸ਼ਲ ਕਾਨੂੰਨ ਲਾਗੂ ਰਹਿਣ ਤਕ ਸਸਪੈਂਡ ਕੀਤਾ ਗਿਆ ਹੈ।'' ਉਨ੍ਹਾਂ ਕਿਹਾ ਕਿ ਆਗੂਆਂ ਵੱਲੋਂ ਕਲੇਸ਼ ਕਾਰਨ ਕੀਤੀਆਂ ਜਾਂਦੀਆਂ ਸਰਗਰਮੀਆਂ ਕਦੇ ਕਾਮਯਾਬ ਨਹੀਂ ਹੋਣਗੀਆਂ। ਉਨ੍ਹਾਂ ਕਿਹਾ ਕਿ ਜੰਗ ਦੌਰਾਨ ਰੂਸ ਨੂੰ ਸਹਿਯੋਗ ਦੇਣ ਕਾਰਨ ਇਨ੍ਹਾਂ ਪਾਰਟੀਆਂ ਉੱਤੇ ਸਖਤ ਕਾਰਵਾਈ ਕੀਤੀ ਗਈ ਹੈ। ਦੇਸ਼ ਦੇ ਲੋਕਾਂ ਨੂੰ ਸੰਬੋਧਤ ਇੱਕ ਵੀਡੀਓ ਵਿੱਚ ਜ਼ੇਲੈਂਸਕੀ ਨੇ ਕਿਹਾ, ''ਸ਼ਾਂਤੀਪਸੰਦ ਸ਼ਹਿਰ ਮਾਰੀਪੋਲ ਉੱਤੇ ਹਮਲਾ ਕਰ ਕੇ ਕੀ ਮਿਲਿਆ? ਇਹ ਅੱਤਵਾਦ ਹੈ ਜਿਹੜਾ ਸੈਂਕੜੇ ਸਾਲਾਂ ਤਕ ਲੋਕਾਂ ਨੂੰ ਯਾਦ ਰਹੇਗਾ।''

# ਫਲੈਟ ਦੇਣ ਦੇ ਬਹਾਨੇ 55 ਲੋਕਾਂ ਤੋਂ 13 ਕਰੋੜ ਹੜੱਪ ਲਏ

### * ਦੋ ਕੇਸਾਂ ਵਿੱਚ ਭਗੌੜਾ ਬੰਦਾ ਏਅਰਪੋਰਟ ਤੋਂ ਫੜਿਆ

ਨਵੀਂ ਦਿੱਲੀ, 21 ਮਾਰਚ (ਪੋਸਟ ਬਿਉਰੋ)- ਆਰਥਿਕ ਅਪਰਾਧ ਸ਼ਾਖਾ (ਈ ਓ ਡਬਲਿਊ} ਨੇ ਇੱਕ ਜਾਅਲਸਾਜ ਨੂੰ ਫੜਿਆ ਹੈ, ਜਿਹੜਾ 55 ਤੋਂ ਵੱਧ ਲੋਕਾਂ ਨਾਲ ਕਰੀਬ 13 ਕਰੋੜ ਰੁਪਏ ਦੀ ਧੋਖਾਧੜੀ ਕਰ ਚੁੱਕਾ ਹੈ। ਇਸ ਨੂੰ ਦੋ ਕੇਸਾਂ ਵਿੱਚ ਅਦਾਲਤਾਂ ਵੱਲੋਂ ਸੁਣਵਾਈ ਦੇ ਬਾਅਦ ਭਗੌੜਾ ਵੀ ਐਲਾਨ ਕੀਤਾ ਜਾ ਚੁੱਕਾ ਸੀ।




ਹਰਿਆਣਾ ਦੇਰੇਵਾੜੀ ਵਿੱਚ ਫਲੈਟ ਦੇਣ ਦੇ ਬਹਾਨੇ ਪੀੜਤ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਦੋਸ਼ੀ ਦੀ ਪਛਾਣ ਹਿਸਾਰ ਦੇ ਵਾਸੀ ਦਿਨੇਸ਼ ਸ਼ਰਮਾ (43) ਵਜੋਂ ਹੋਈ ਹੈ। ਪੇਸ਼ੇ ਤੋਂ ਬਿਲਡਰ ਦੋਸ਼ੀ ਕਾਮਰਸ ਦਾ ਗ੍ਰੈਜੂਏਟ ਹੈ। ਉਹ ਅਬੂ ਧਾਬੀ ਨੂੰ ਭੱਜ ਜਾਣ ਵਾਲਾ ਸੀ, ਪਰ ਉਸ ਨੂੰ ਆਈ ਜੀ ਆਈ ਏਅਰਪੋਰਟ ਤੋਂ ਫੜ ਲਿਆ ਗਿਆ। ਈ ਓ ਡਬਲਿਊ ਦੇ ਜਾਇੰਟ ਕਮਿਸ਼ਨਰ ਦੇਮੁਤਾਬਕ ਦੋਸ਼ੀ ਨੇ ਏਸ਼ੀਅਨ ਡਵੈਲਪਰਸ ਪ੍ਰਾਈਵੇਟ ਲਿਮਿਟਡ ਕੰਪਨੀ ਬਣਾ ਕੇ ਫਲੈਟ ਅਤੇ ਦੁਕਾਨ ਦੀ ਬੁਕਿੰਗ ਲਈਇਸ਼ਤਿਹਾਰ ਦਿੱਤਾ ਸੀ। ਇਹ ਫਲੈਟ ਸੈਕਟਰ ਦੋ ਬਾਵਲ, ਰੇਵਾੜੀਵਿੱਚ ਦਿੱਤੇ ਜਾਣੇ ਸੀ। ਸਾਲ 2012 ਵਿੱਚ ਇਸ਼ਤਿਹਾਰਦੇਖ ਕੇ ਲੋਕਾਂ ਨੇ ਬੁਕਿੰਗ ਕਰ ਕੇ ਪੇਮੈਂਟ ਕਰ ਦਿੱਤੀ, ਪਰ ਇੱਥੇ ਕੰਸਟ੍ਰਕਸ਼ਨ ਦਾ ਕੰਮ ਸਾਲ 2014 ਵਿੱਚ ਬੰਦ ਹੋ ਗਿਆ। ਨਿਵੇਸ਼ਕਾਂ ਨੂੰ ਨਾ ਫਲੈਟ ਮਿਲੇ ਅਤੇ ਨਾ ਦੁਕਾਨਾਂ। ਦੋਸ਼ੀ ਨੇ ਇਸ ਪ੍ਰੋਜੈਕਟ ਬਾਰੇ ਲੋਕਾਂ ਨੂੰ 27 ਮਹੀਨੇ ਦੇ ਅੰਦਰ ਕਬਜ਼ਾ ਦੇਣ ਦਾ ਦਾਅਵਾ ਕਰ ਕੇਗੁਮਰਾਹ ਕੀਤਾ ਸੀ, ਪਰ ਅਜਿਹਾ ਨਹੀਂ ਹੋ ਸਕਿਆ ਅਤੇ ਵੱਡੀ ਗਿਣਤੀ ਵਿੱਚ ਲੋਕ ਧੋਖੇ ਦਾ ਸ਼ਿਕਾਰ ਹੋ ਗਏ।ਜਾਂਚ ਦੌਰਾਨ ਪਤਾ ਲੱਗਿਆ ਕਿ ਦੋਸ਼ੀ ਦੀ ਕੰਪਨੀ ਨੇ ਜੋ ਲੋਕਾਂ ਤੋਂ ਰਕਮ ਹੜੱਪੀ, ਉਸ ਨੂੰ ਦੂਸਰੇ ਅਕਾਊਂਟ ਵਿੱਚ ਡਾਈਵਰਟ ਕਰ ਦਿੱਤਾ ਸੀ। ਉਹ ਲੰਬੇ ਸਮੇਂ ਤੋਂ ਫਰਾਰ ਸੀ ਅਤੇ ਲਗਾਤਾਰ ਆਪਣੇ ਟਿਕਾਣੇ ਬਦਲ ਰਿਹਾ ਸੀ ਅਤੇ ਪੁਲਸ ਜਾਂਚ ਵਿੱਚ ਵੀ ਸ਼ਾਮਲ ਨਹੀਂ ਹੋਇਆ, ਜਿਸ ਕਾਰਨ ਨਾਲ ਉਸਦੀ ਐਲ ਓ ਸੀ ਖੁਲਵਾਈ ਗਈ। ਉਸ ਦੇ ਖ਼ਿਲਾਫ਼ ਗੈਰ ਜਮਾਨਤੀ ਵਾਰੰਟ ਵੀ ਜਾਰੀ ਹੋ ਗਿਆ ਸੀ।

# ਅਰਕਾਂਸਾਸ ਵਿੱਚ ਕਾਰ ਸ਼ੋਅ ਦੌਰਾਨ ਗੋਲੀਆਂ ਚੱਲੀਆਂ, ਇੱਕ ਮੌਤ



ਡੁਮਾਸ, 21 ਮਾਰਚ (ਪੋਸਟ ਬਿਉਰੋ)- ਅਮਰੀਕਾ ਦੇ ਦੱਖਣ-ਪੂਰਬੀ ਅਰਕਾਂਸਾਸ ਵਿੱਚ ਕੱਲ੍ਹ ਸ਼ਾਮ ਕਾਰ ਸ਼ੋਅ ਦੌਰਾਨ ਹੋਈ ਗੋਲੀਬਾਰੀ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਬੱਚਿਆਂ ਸਮੇਤ 20 ਹੋਰ ਜ਼ਖ਼ਮੀ ਹੋ ਗਏ।

ਡੁਮਾਸ ਸ਼ਹਿਰ ਦੇ ਪੁਲਸ ਮੁਖੀ ਨੇ ਦੱਸਿਆ ਕਿ ਗੋਲੀਬਾਰੀ ਵਿੱਚ ਕਈ ਬੱਚੇ ਜ਼ਖ਼ਮੀ ਹੋਏ ਹਨ, ਪਰ ਇਸ ਬਾਰੇ ਗਿਣਤੀ ਸਪੱਸ਼ਟ ਨਹੀਂ ਹੈ।ਉਨ੍ਹਾਂ ਕਿਹਾ ਕਿ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਹੈ, ਪਰ ਗੋਲੀਬਾਰੀ ਵਿੱਚ ਕਈ ਲੋਕਾਂ ਦੇ ਸ਼ਾਮਲ ਹੋਣ ਦਾ ਸ਼ੱਕ ਕੀਤਾ ਜਾਂਦਾ ਹੈ। ਅਰਕਾਂਸਾਸ ਰਾਜ ਪੁਲਸ ਦੇ ਬੁਲਾਰੇ ਨੇ ਕਿਹਾ ਕਿ ਲਿਟਲ ਰੌਕ ਤੋਂ 90 ਮੀਲ ਦੱਖਣ ਵਿੱਚ ਡੁਮਾਸ ਵਿੱਚ ਇੱਕ ਕਾਰ ਸ਼ੋਅ ਦੌਰਾਨ ਸਥਾਨ ਦੇ ਬਾਹਰ ਗੋਲੀ ਚੱਲਣ ਦੀ ਸੂਚਨਾ ਮਿਲਣ ਤੋਂ ਬਾਅਦ ਸੈਨਿਕਾਂ ਨੂੰ ਕੱਲ੍ਹ ਸ਼ਾਮ ਰਵਾਨਾ ਕੀਤਾ ਗਿਆ। ਇਹ ਕਾਰ ਸ਼ੋਅ ਕਮਿਊਨਿਟੀ ਈਵੈਂਟ ਹੈ, ਜੋ ਹਰ ਬਸੰਤ ਵਿੱਚ ਸਕੂਲਾਂ ਵਿੱਚ ਵਜ਼ੀਫ਼ਿਆਂ ਤੋਂ ਇਲਾਵਾ ਜ਼ਰੂਰੀ ਚੀਜ਼ਾਂ ਦੀ ਸਪਲਾਈ ਲਈ ਫੰਡ ਇਕੱਠਾ ਕਰਨ ਲਈ ਕੀਤਾ ਜਾਂਦਾ ਹੈ। ਜ਼ਖ਼ਮੀਆਂ ਦੀ ਹਾਲਤ ਅਤੇ ਹਮਲੇ ਦੇ ਕਾਰਨਾਂ ਸਮੇਤ ਹੋਰ ਵੇਰਵੇ ਅਜੇ ਸਾਹਮਣੇ ਨਹੀਂ ਆਏ ਹਨ।

## ਸਾਬਕਾ ਰਗਬੀ ਖਿਡਾਰੀ ਦੀ ਗੋਲੀ ਮਾਰ ਕੇ ਹੱਤਿਆ

ਪੈਰਿਸ, 21 ਮਾਰਚ (ਪੋਸਟ ਬਿਉਰੋ)- ਅਰਜਨਟੀਨਾ ਦੇ ਸਾਬਕਾ ਗਰਬੀ ਖ਼ਿਡਾਰੀ ਫੇਡੇਰਿਕੋ ਮਾਰਟਿਨ ਅਰਾਮਬੁਰੂ (42 ਸਾਲ)ਦਾ ਫ਼ਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਕੱਲ੍ਹ ਤੜਕੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ।



ਅਰਾਮਬੁਰੂ ਨੇ 22 ਵਾਰ ਅਰਜਨਟੀਨਾ ਲਈ ਗਰਬੀ ਖੇਡੀ ਸੀ। ਉਹ ਫ਼ਰਾਂਸ ਵਿੱਚ 2007 ਵਿੱਚਹੋਏ ਵਿਸ਼ਵ ਕੱਪ ਟੀਮ ਦੇ ਖ਼ਿਡਾਰੀ ਵੀ ਸਨ। ਖ਼ਬਰ ਮੁਤਾਬਕ ਅਰਾਮਬੁਰੂ ਦੀ ਤੜਕੇ ਇੱਕ ਬਹਿਸ ਹੋਣ ਤੋਂ ਬਾਅਦ ਇੱਕ ਕਾਰ ਵਿੱਚ ਵਾਪਸ ਆਏ ਵਿਰੋਧੀਆਂ ਨੇ ਉਸ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ।ਰਿਪੋਰਟ ਮੁਤਾਬਕ ਸਟੇਡੀਅਮ ਦੇ ਵੱਡੇ ਪਰਦੇ ਉੱਤੇ ਇੰਗਲੈਂਡ ਵਿਰੁੱਧ ਫਰਾਂਸ ਦੇ ਸਿਰਸ ਨੇਸ਼ਨਸ ਦੇ ਫ਼ਾਈਨਲ ਤੋਂ ਪਹਿਲਾਂ ਅਰਾਮਬੁਰੂ ਨੂੰ ਸ਼ਰਧਾਂਜਲੀ ਦਿੱਤੀ ਗਈ। ਪੈਰਿਸ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਪੁਲਸ ਨੂੰ ਤਿੰਨ ਸ਼ੱਕੀ ਵਿਅਕਤੀਆਂ ਦੀ ਭਾਲ ਹੈ।




## ਕਾਰਨੀਵਲ 'ਚ ਆਏ ਲੋਕਾਂ ਨੂੰ ਕਾਰ ਨੇ ਦਰੜਿਆ, 6 ਮੌਤਾਂ

ਬ੍ਰੱਸਲਜ਼, 21 ਮਾਰਚ (ਪੋਸਟ ਬਿਊਰੋ)- ਦੱਖਣੀ ਬੈਲਜੀਅਮ ਦੇ ਇੱਕ ਛੋਟੇ ਜਿਹੇ ਸ਼ਹਿਰ ਵਿੱਚ ਕੱਲ੍ਹ ਤੜਕੇ ਕਾਰਨੀਵਲ ਦੇਖਣ ਆਏ ਲੋਕਾਂ ਨੂੰ ਇੱਕ ਤੇਜ਼ ਰਫਤਾਰ ਕਾਰ ਨੇ ਆਪਣੀ ਲਪੇਟ ਵਿੱਚ ਲੈ ਲਿਆ। ਇਸ ਘਟਨਾ ਵਿੱਚ ਛੇ ਜਣਿਆਂ ਦੀ ਮੌਤ ਹੋ ਗਈ, ਜਦ ਕਿ 10 ਤੋਂ ਵੱਧ ਜ਼ਖਮੀ ਹੋ ਗਏ ਹਨ।



ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਇਸ ਘਟਨਾ ਪਿੱਛੇ ਕਿਸੇ ਕਿਸਮ ਦੀ ਸ਼ੱਕੀ ਅੱਤਵਾਦੀ ਗਤੀਵਿਧੀ ਹੋਣ ਦਾ ਕੋਈ ਸਬੂਤ ਨਹੀਂ ਮਿ-ਲਿਆ।ਉਨ੍ਹਾਂ ਦੱਸਿਆ ਕਿ ਦੋ ਸਾਲ ਪਿੱਛੋਂ ਕੋਰੋਨਾ ਪਾਬੰਦੀਆਂ ਤੋਂ ਖੁੱਲ੍ਹ ਮਿਲਣ ਮਗਰੋਂ ਇੱਥੇ 50 ਕਿਲੋਮੀਟਰ ਦੂਰ ਬ੍ਰੱਸਲਜ਼ ਦੇ ਦੱਖਣ ਵਿੱਚ ਸਟੈਪੀ ਬਰੈਕਿਊਗਨੀਸ ਵਿੱਚ ਕਾਰਨੀਵਲ ਕਰਵਾਇਆ ਜਾ ਰਿਹਾ ਸੀ ਜਿੱਥੇ 150 ਦੇ ਕਰੀਬ ਲੋਕ ਇਕੱਠੇ ਹੋਏ ਸਨ। ਸ਼ਹਿਰ ਦੇ ਮੇਅਰ ਜੈਕਸ ਗੌਬਰਟ ਨੇ ਦੱਸਿਆ ਕਿ ਇੱਕ ਤੇਜ਼ ਰਫਤਾਰ ਕਾਰ ਨੇ ਲੋਕਾਂ ਨੂੰ ਲਪੇਟ ਵਿੱਚ ਲੈ ਲਿਆ। ਕਾਰ ਚਾਲਕ ਤੇ ਉਸ ਦੇ ਸਾਥੀ ਨੂੰ ਗ੍ਰਿਫਤਾਰ ਕਰ ਲਿਆ ਹੈ।

## ਭਾਰਤ-ਜਾਪਾਨ ਵੱਲੋਂ ਸਵੱਛ ਊਰਜਾ ਦੇ ਖੇਤਰ ਵਿੱਚ ਮਹੱਤਵਪੂਰਨ ਭਾਈਵਾਲੀ ਦਾ ਸੰਕਲਪ

ਨਵੀਂ ਦਿੱਲੀ, 21 ਮਾਰਚ (ਪੋਸਟ ਬਿਊਰੋ)- ਭਾਰਤ ਅਤੇ ਭਾਜਪਾ ਨੇ ਸਵੱਛ ਊਰਜਾ ਦੇ ਵੱਖ-ਵੱਖ ਉਪਾਅ ਉਤੇ ਆਪਸੀ ਸਹਿਯੋਗ ਲਈ ਭਾਰਤ-ਜਾਪਾਨ ਸਵੱਛ ਊਰਜਾ ਭਾਈਵਾਲੀ ਦਾ ਸੰਕਲਪ ਲਿਆ ਹੈ। ਇਸ ਦੇ ਤਹਿਤ ਦੋਵੇਂ ਦੇਸ਼ ਬਿਜਲਈ ਵਾਹਨਾਂ ਸਣੇ ਬੈਟਰੀ, ਸੂਰਜੀ ਅਤੇ ਵਾਯੂ ਊਰਜਾ, ਸਵੱਛ ਕੋਲਾ ਟੈਕਨੀਕ, ਬਾਇਓ-ਫਿਊਲ, ਕੋਲਾ ਖੱਡਾਂ ਦੀ ਗੈਸ ਅਤੇ ਹੋਰ ਨਵੇਂ ਉਭਰਦੇ ਤੇਲ ਅਤੇ ਪੈਟਰੋਲੀਅਮ ਦੇ ਰਣਨੀਤਕ ਭੰਡਾਰ ਆਦਿ ਵੱਖ-ਵੱਖ ਖੇਤਰਾਂ ਵਿੱਚ ਸਹਿਯੋਗ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ ਆਰਥਿਕ ਵਾਧੇ ਦੇ ਟੀਚੇ ਤੇ ਜਲਵਾਯੂ ਪਰਿਵਰਤਨ ਦੀ ਸਮੱਸਿਆ ਨਾਲ ਨਜਿੱਠਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਦੱਸਿਆ ਹੈ।

ਇਸ ਵਕਤ ਭਾਰਤ ਯਾਤਰਾ ਉੱਤੇ ਆਏ ਹੋਏ ਜਾਪਾਨ ਦੇ ਪ੍ਰਧਾਨ ਮੰਤਰੀ ਫੁਮਿਓ ਕਿਸ਼ਿਦਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਰਾਜਧਾਨੀ ਦੇ ਹੈਦਰਾਬਾਦ ਹਾਊਸ ਵਿੱਚ ਦੁਵੱਲੀ ਬੈਠਕ ਵਿੱਚ ਦੋਵਾਂ ਦੇਸ਼ਾਂ ਦੇ ਸੰਬੰਧਾਂ ਨੂੰ ਹੋਰ ਵਿਸਥਾਰ ਦੇਣ ਦੇ ਕਈ ਨਵੀਂ ਪੱਖਾਂ ਦਾ ਫੈਸਲਾ ਹੋਇਆ। ਪ੍ਰਧਾਨ ਮੰਤਰੀ ਦਫਤਰ ਨੇ 'ਜਪਾਨ ਨਾਲ ਦੋਸਤੀ ਦੀ ਤਰੱਕੀ' ਬਾਰੇ ਟਵੀਟ ਕਰ ਕੇ ਕਿਹਾ ਕਿ ''ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਫੁਮਿਓ ਕਿਸ਼ਿਦਾ ਨੇ ਨਵੀਂ ਦਿੱਲੀ ਵਿੱਚ ਉਪਯੋਗੀ ਗੱਲਬਾਤ ਕੀਤੀ ਅਤੇ ਦੋਵਾਂ ਨੇਤਾਵਾਂ ਨੇ ਦੋਵਾਂ ਦੇਸ਼ਾਂ ਦਰਮਿਆਨ ਆਰਥਿਕ ਤੇ ਸਭਿਆਚਾਰਕ ਸੰਪਰਕਾਂ ਨੂੰ ਹੋਰ ਮਜ਼ਬੂਤੀ ਦੇਣ ਦੇ ਤਰੀਕਿਆਂ ਉੱਤੇ ਗੱਲਬਾਤ ਕੀਤੀ ਹੈ।'





# ਊਧਵ ਠਾਕਰੇ ਨੇ ਏ ਆਈ ਐਮ ਆਈ ਐਮ ਵੱਲੋਂ ਗੱਠਜੋੜ ਕਰਨ ਦੀ ਪੇਸ਼ਕਸ਼ ਠੁਕਰਾਈ

ਮੁੰਬਈ, 21 ਮਾਰਚ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਸ਼ਿਵ ਸੈਨਾ ਦੇ ਹਿੰਦੂਤਵਵਾਦੀ ਪਾਰਟੀ ਹੋਣ ਦਾ ਐਲਾਨ ਕਰਦੇ ਹੋਏ ਗੱਠਜੋੜ ਲਈ ਏ ਆਈ ਐਮ ਆਈ ਐਮ ਦੀ ਪੇਸ਼ਕਸ਼ ਕੱਲ੍ਹ ਠੁਕਰਾ ਦਿੱਤੀ ਅਤੇ ਇਸ ਨੂੰ ਮਹਾ ਵਿਕਾਸ ਅਘਾੜੀ ਸਰਕਾਰ ਦੀ ਅਗਵਾਈ ਕਰਦੀ ਪਾਰਟੀ (ਸ਼ਿਵ ਸੈਨਾ) ਨੂੰ ਬਦਨਾਮ ਕਰਨ ਦੀ ਭਾਜਪਾ ਦੀ ਸਾਜ਼ਿਸ਼ ਕਰਾਰ ਦਿੱਤਾ। ਇਹ ਐਲਾਨ ਰਾਜਨੀਤੀ ਵਿੱਚ ਅਹਿਮ ਗਿਣਿਆ ਜਾਂਦਾ ਹੈ।

ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਨੇ ਆਪਣੀ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਤੇ ਅਹੁਦੇਦਾਰਾਂ ਦੀ ਇੱਕ ਬੈਠਕ ਨੂੰ ਡਿਜੀਟਲ ਜ਼ਰੀਏ ਸੰਬੋਧਨ ਕੀਤਾ, ਜਿਸ ਵਿੱਚ ਉਨ੍ਹਾਂ ਨੇ ਹਿੰਦੁਤਵ ਅਤੇ ਦੂਸਰੇ ਮੁੱਦਿਆਂ ਨੂੰ ਲੈ ਕੇ ਸਾਬਕਾ ਸਹਿਯੋਗੀ ਭਾਰਤੀ ਜਨਤਾ ਪਾਰਟੀ ਦੀ ਆਲੋਚਨਾ ਕੀਤੀ। ਇਸ



ਦੌਰਾਨ ਸ਼ਿਵ ਸੈਨਾ ਪਾਰਲੀਮੈਂਟ ਮੈਂਬਰ ਸੰਜੇ ਰਾਉਤ ਨੇ ਠਾਕਰੇ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਏ ਆਈ ਐਮ ਆਈ ਐਮ (ਆਲ ਇੰਡੀਆ ਮਜਲਿਸ-ਏ-ਇੱਤੇਹਾਦੁਲ ਮੁਸਲਿਮੀਨ) ਨਾਲ ਗੱਠਜੋੜ ਕਰਨ ਦੀ ਮੰਗ ਭਲਾ ਕਿਸ ਨੇ ਕੀਤੀ ਹੈ? ਇਹ ਭਾਜਪਾ ਦਾ ਇੱਕ 'ਗੇਮ ਪਲਾਨ' ਅਤੇ ਸਾਜ਼ਿਸ਼ ਹੈ। ਏ ਆਈ ਐਮ ਆਈ ਐਮ ਅਤੇ ਭਾਜਪਾ ਵਿਚਾਲੇ ਗੰਢਤੁੱਪ ਹੈ।" ਉਨ੍ਹਾਂ ਨੇ ਕਿਹਾ, "ਭਾਜਪਾ ਨੇ ਏ ਆਈ ਐਮ ਆਈ ਐਮ ਨੂੰ ਸ਼ਿਵ ਸੈਨਾ ਨੂੰ ਬਦਨਾਮ ਕਰਨ ਅਤੇ ਸ਼ਿਵ ਸੈਨਾ ਦੇ ਹਿੰਦੁਤਵ ਉੱਤੇ ਸਵਾਲ ਉਠਾਉਣ ਨੂੰ ਕਿਹਾ ਹੈ। ਇਸੇ ਦੀ ਪਾਲਣਾ ਕਰਦੇ ਹੋਏ ਏ ਆਈ ਐਮ ਆਈ ਐਮ ਨੇਤਾ ਗੱਠਜੋੜ ਦੀ ਪੇਸ਼ਕਸ਼ ਕਰ ਰਹੇ ਹਨ।"

ਵਰਨਣ ਯੋਗ ਹੈ ਕਿ ਸ਼ਨੀਵਾਰ ਨੂੰ ਏ ਆਈ ਐਮ ਆਈ ਐਮ ਦੇ ਪਾਰਲੀਮੈਂਟ ਮੈਂਬਰ ਇਮਤਿਆਜ਼ ਜ਼ਲੀਲ ਨੇ ਕਿਹਾ ਸੀ ਕਿ ਭਾਜਪਾ ਨੂੰ ਸੱਤਾ ਵਿੱਚ ਆਉਣ ਤੋਂ ਰੋਕਣ ਲਈ ਉਨ੍ਹਾਂ ਦੀ ਪਾਰਟੀ ਸ਼ਿਵ ਸੈਨਾ ਨਾਲ ਗੱਠਜੋੜ ਕਰ ਸਕਦੀ ਹੈ।ਰਾਜ ਸਭਾ ਮੈਂਬਰ ਸੰਜੇ ਰਾਉਤ ਨੇ ਕਿਹਾ ਕਿ ਸ਼ਿਵ ਸੈਨਾ ਊਧਵ ਠਾਕਰੇ ਦੇ ਕਹਿਣ ਉੱਤੇ 22 ਮਾਰਚ ਨੂੰ ਸੂਬੇ ਦੇ ਵਿਦਰਭ ਅਤੇ ਮਰਾਠਵਾੜਾ ਖੇਤਰਾਂ ਦੇ 19 ਜ਼ਿਲ੍ਹਿਆਂ ਵਿੱਚ ਜਨ ਸੰਪਰਕ ਪ੍ਰੋਗਰਾਮ ਸ਼ੁਰੂ ਕਰੇਗੀ। ਇਸ ਦਾ ਮਕਸਦ ਉਹ ਭਰਮ ਦੂਰ ਕਰਨਾ ਹੈ, ਜੋ ਭਾਜਪਾ ਵੱਖ-ਵੱਖ ਮੁੱਦਿਆਂ ਉੱਤੇ ਸ਼ਿਵ ਸੈਨਾ ਬਾਰੇ ਵਿੱਚ ਪੈਦਾ ਕਰਨ ਲੱਗੀ ਹੋਈ ਹੈ।

# 224 ਕਰੋੜ ਰੁਪਏ ਦੀ ਅਣ-ਐਲਾਨੀ ਆਮਦਨ ਦਾ ਪਰਦਾਫਾਸ਼

ਨਵੀਂ ਦਿੱਲੀ, 21 ਮਾਰਚ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਸਿੱਧੇ ਟੈਕਸਾਂ ਬਾਰੇ ਕੇਂਦਰੀਬੋਰਡ (ਸੀ ਬੀ ਡੀ ਟੀ) ਨੇ ਕਿਹਾ ਹੈ ਕਿ ਆਮਦਨ ਟੈਕਸਵਿਭਾਗ ਨੇ ਬੀਤੇ ਦਿਨੀਂ ਮਹਾਰਾਸ਼ਟਰ ਦੇ ਪੁਣੇ ਅਤੇ ਠਾਣੇ ਵਿੱਚ ਯੂਨੀਕਾਰਨ ਸਟਾਰਟਅੱਪ ਗਰੁੱਪ ਦੀ ਇਨਫਰਾ ਡਾਕ ਮਾਰਕੀਟ ਉੱਤੇ ਛਾਪੇਮਾਰ ਕੇ ਲੱਗਭਗ 224 ਕਰੋੜ ਰੁਪਏ ਦੀ ਅਣ-ਐਲਾਨੀ ਆਮਦਨ ਦਾ ਪਤਾ ਲਾਇਆ ਹੈ। ਸੀ ਬੀ ਡੀ ਟੀ ਨੇ ਕਿਹਾ ਕਿ ਸੌਵਿਕ ਸੇਨਗੁਪਤਾ ਤੇ ਅਦਿੱਤਿਆ ਸ਼ਾਰਦਾ ਵੱਲੋਂ 2016 ਵਿੱਚ ਸਥਾਪਤ ਕੀਤਾ ਗਰੁੱਪ ਨਿਰਮਾਣ ਸਮੱਗਰੀ ਦਾ ਥੋਕ ਅਤੇ ਪ੍ਰਚੂਨ ਕਾਰੋਬਾਰ ਕਰਦਾ ਹੈ।

< ਬੀਤੀ 9 ਮਾਰਚ ਨੂੰ ਮਹਾਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼, ਉਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਵਿੱਚ ਇਸ ਗਰੁੱਪਦੇ 23 ਟਿਕਾਣਿਆਂ ਦੀ ਤਲਾਸ਼ੀ ਦੌਰਾਨ ਇੱਕ ਕਰੋੜ ਰੁਪਏ ਦੀ ਬੇਹਿਸਾਬੀ ਨਕਦੀ ਅਤੇ 22 ਲੱਖ ਰੁਪਏ ਦੇ ਗਹਿਣੇ ਵੀ ਜ਼ਬਤ ਕੀਤੇ ਗਏ ਸਨ। ਇਸ ਬਾਰੇ ਆਮਦਨ ਟੈਕਸ ਵਿਭਾਗ ਨੇ ਬਿਆਨ ਵਿੱਚ ਕਿਹਾ ਕਿ ਗਰੁੱਪ ਨੇ ਫਰਜੀ ਖ਼ਰੀਦਦਾਰੀ ਕੀਤੀ, ਭਾਰੀ ਬੇਹਿਸਾਬ ਨਕਦ ਖ਼ਰਚ ਕੀਤਾ ਅਤੇ 400 ਕਰੋੜ ਰੁਪਏ ਤੋਂ ਵੱਧ ਦੇ ਰਿਹਾਇਸ਼ੀ ਇੰਦਰਾਜ ਪ੍ਰਾਪਤ ਕੀਤੇ। ਸੀ ਬੀ ਡੀ ਟੀ ਦਾ ਦਾਅਵਾ ਹੈ ਕਿ ਇਸ ਗਰੁੱਪ ਦੇ ਡਾਇਰੈਕਟਰਾਂ ਸਾਹਮਣੇ ਸਬੂਤ ਰੱਖੇ ਗਏ ਤਾਂ ਉਨ੍ਹਾਂ ਨੇ ਇਸ ਕਾਰਜਪ੍ਰਣਾਲੀ ਨੂੰ ਸਵੀਕਾਰ ਕੀਤਾ ਹੈ। ਸੀ ਬੀ ਡੀ ਟੀ ਨੇ ਕਿਹਾ ਕਿ ਵੱਖ-ਵੱਖ ਮੁਲਾਂਕਣ ਸਾਲਾਂ ਵਿੱਚ 224 ਕਰੋੜ ਰੁਪਏ ਤੋਂ ਜ਼ਿਆਦਾ ਦੀ ਵਧੀ ਆਮਦਨ ਦਾ ਖੁਲਾਸਾ ਹੋਇਆ ਹੈ। ਇਸ ਬਾਰੇ ਬੋਰਡ ਨੇ ਕਿਹਾ ਕਿ ਇਸ ਗਰੁੱਪ ਨੇ ਬਹੁਤ ਜ਼ਿਆਦਾ ਪ੍ਰੀਮੀਅਮ ਉੱਤੇ ਸ਼ੇਅਰ ਜਾਰੀ ਕਰ ਕੇ, ਮਾਰੀਸ਼ਸ ਜ਼ਰੀਏ ਭਾਰੀ ਵਿਦੇਸ਼ੀ ਧਨ ਪ੍ਰਾਪਤ ਕੀਤਾ। ਸੀ ਬੀ ਡੀ ਟੀ ਨੇ ਕਿਹਾ ਕਿ ਮੁੰਬਈ ਅਤੇ ਠਾਣੇ ਦੀਆਂ ਕੁਝ ਮੁਖੌਟਾ ਕੰਪਨੀਆਂ ਦੇ ਗੁੰਝਲਦਾਰ ਹਵਾਲਾ ਨੈਟਵਰਕ ਦਾ ਵੀ ਪਤਾ ਲੱਗਾ ਹੈ।









## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013








## ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


















**Urgently Need New Listings in Brampton/Caledon**



visit: www.teamjagaujla.com


Call **JAG AUJLA**
MCNE, REAL ESTATE BROKER
DIR: **416-371-7777**
j.aujla@rogers.com www.jagaujla.com

Platinum Club Award (2020-2017) (2009-2018) (REMAX International) · Chairman's Club Award (2021, 2018, 2015, 2014, 2013, 2012, 2011, 2010) · Hall of Fame (2010) · Lifetime Achievement Award (2014) · GUARANTEED Till SOLD · Follow Us: · MCNE

**CALL JAG FOR A QUICK & FREE HOME EVALUATION**
www BramptonTopRealtor.com www BramptonTopAgent.com

**RECENTLY LISTED/SOLD IN YOUR NEIGHBOURHOOD BY JAG AUJLA**


**JUST LISTED FOR SALE**



* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

BRANTFORD, ONTARIO — Call Jag Aujla For Details

**JUST LISTED FOR SALE**



* Spent over $200k on upgrades

* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New

BRAMPTON, ONTARIO — Call Jag Aujla For Details




SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood



SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird



SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell




SOLD @101% OF ASKING PRICE
12 Laurelcrest St
Queen / Laurelcrest / Hwy 410




SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410




SOLD @99% OF ASKING PRICE
11 Van Hoof Crest
Castlemore/ Goreway / Latania



SOLD $121,000 OVER ASKING IN 6 DAYS Caledon
42 Pinedale Ave
Kennedy / Dougall



SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood



SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy

**FREE**

- ✓ Full MLS Services
- ✓ Consistently Marketing Your Property Until SOLD
- ✓ Competitive Rates, Exceptional Service & Award Winning Results
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call **JAG AUJLA** DIR: **416-371-7777**
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022



**ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ**

**ਅਵਤਾਰ ਸਿੰਘ ਟਿਵਾਣਾ**



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 **416.802.5866**

31 Melanie Dr. Unit #4 Brampton, ON L6T 5H8



SOLD
$1,399,999
CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿੱਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ



FOR SALE
$1,749,900
8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866



FOR SALE
$1,950,000
26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS-JAFINE

**HELP WANTED**
**ਕਾਮਿਆਂ ਦੀ ਲੋੜ**
**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017